# ਪੰਜਾਬ ਵਿਧਾਨ ਸਭਾ

**ਅੱਠਵਾਂ (ਬਜਟ) ਸਮਾਗਮ**

**ਅਨੁਪੂਰਕ ਸੂਚੀ**

ਨੂੰ ਹੋਈ ਪੰਜਾਬ ਵਿਧਾਨ ਸਭਾ ਦੀ ਬੈਠਕ ਲਈ ਬਿਨਾਂ ਨਿਸ਼ਾਨ (ਨਿਸ਼ਾਨ ਵਾਲੇ ਪ੍ਰਸ਼ਨਾਂ ਤੋਂ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨਾਂ ਵਿੱਚ ਤਬਦੀਲ ਕੀਤੇ ਗਏ )

**28 ਮਾਰਚ 2025**

**ਰਾਜ ਦੇ ਵੱਡੇ ਸ਼ਹਿਰਾਂ ਵਿਖੇ ਬਿਰਧ ਆਸ਼ਰਮ ਬਣਾਉਣਾ**

***1422(ਸੀ.ਯੂ.) ਸ. ਕੁਲਵੰਤ ਸਿੰਘ:-**

ਕੀ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬੱਚਿਆਂ ਵੱਲੋਂ ਆਪਣੇ ਬਿਰਧ ਅਤੇ ਸਰੀਰਕ ਤੌਰ ਤੇ ਅਸਮਰੱਥ ਹੋ ਚੁੱਕੇ ਮਾਤਾ-ਪਿਤਾ ਦੀ ਦੇਖ-ਭਾਲ ਨਾ ਕਰਨਾ ਆਮ ਗੱਲ ਹੋ ਗਈ ਹੈ, ਜਿਸ ਕਾਰਨ ਜ਼ਿੰਦਗੀ ਦੇ ਆਖ਼ਰੀ ਪੜਾਅ ਵਿੱਚ ਉਹ ਬਿਲਕੁਲ ਬੇਸਹਾਰਾ ਹੋ ਜਾਂਦੇ ਹਨ; ਜੇਕਰ ਅਜਿਹਾ ਹੈ ਤਾਂ ਕੀ ਪੰਜਾਬ ਦੇ ਸਾਰੇ ਵੱਡੇ ਸ਼ਹਿਰਾਂ ਵਿੱਚ ਬਿਰਧ ਆਸ਼ਰਮ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਗਮਾਡਾ ਦੇ ਮਾਸਟਰ ਪਲਾਨ ਅਨੁਸਾਰ ਸੜਕਾਂ ਦੀ ਉਸਾਰੀ ਕਰਨਾ**

***1424(ਸੀ.ਯੂ.) ਸ. ਕੁਲਵੰਤ ਸਿੰਘ:-**

ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਗਮਾਡਾ ਦੇ ਮਾਸਟਰ ਪਲਾਨ ਅਨੁਸਾਰ ਐਸ.ਏ.ਐਸ. ਨਗਰ ਦੀ ਪੀ.ਆਰ.7 ਸੜਕ ਤੋਂ ਸੈਕਟਰ 74 ਏ, ਸੈਕਟਰ 117 ਅਤੇ ਸੈਕਟਰ 92ਏ ਅਤੇ ਸੈਕਟਰ 116 ਲਾਂਡਰਾਂ-ਖ਼ਰੜ ਰੋਡ ਤੱਕ ਸੜਕ ਦੀ ਉਸਾਰੀ ਕਦੋਂ ਤੱਕ ਸ਼ੁਰੂ ਕਰਵਾ ਦਿੱਤੀ ਜਾਵੇਗੀ; ਵੇਰਵੇ ਸਹਿਤ ਦੱਸਿਆ ਜਾਵੇ?

**ਰਾਜ ਵਿੱਚ ਭਰਤੀ ਹੋਣ ਵਾਲੇ ਸਰਕਾਰੀ ਮੁਲਾਜਮਾਂ ਦੇ ਸਕੇ ੇਲ**

***1426(ਸੀ.ਯੂ.) ਸ. ਪ੍ਰਤਾਪ ਸਿੰਘ ਬਾਜਵਾ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) 17 ਜੁਲਾਈ, 2020 ਤੋਂ ਬਾਅਦ ਪੰਜਾਬ ਰਾਜ ਵਿੱਚ ਭਰਤੀ ਹੋਣ ਵਾਲੇ ਸਰਕਾਰੀ ਮੁਲਾਜਮਾਂ ਤੇ ਕਿਹੜੇ ਸਕੇਲ ਲਾਗੂ ਹਨ; ਵੇਰਵੇ ਸਹਿਤ ਦੱਸਿਆ ਜਾਵੇ;

ਅ) ਕੀ ਅਜਿਹੇ ਭਰਤੀ ਹੋਣ ਵਾਲੇ ਸਰਕਾਰੀ ਮੁਲਾਜ਼ਮਾਂ ਨੂੰ ਨਿਰਧਾਰਿਤ ਸਕੇਲ ਦਿੱਤੇ ਜਾ ਰਹੇ ਹਨ;ਜੇਕਰ ਨਹੀਂ ਤਾਂ ਕਾਰਨ ਦਿੱਤੇ ਜਾਣ;

ੲ) ਅਜਿਹੇ ਭਰਤੀ ਹੋਣ ਵਾਲੇ ਸਰਕਾਰੀ ਮੁਲਾਜਮਾਂ ਤੇ ਕਿਹੜੇ ਪੈਨਸ਼ਨ ਰੂਲਜ਼ ਲਾਗੂ ਹਨ; ਵੇਰਵੇ ਸਹਿਤ ਦੱਸਿਆ ਜਾਵੇ?

**ਹਲਕਾ ਖੇਮਕਰਨ ਵਿੱਚ ਪੈਂਦੇ ਸਕੂਲਾਂ ਦੀਆਂ ਖਾਲ੍ਹੀ ਪਈਆਂ ਅਸਾਮੀਆਂ ਦੀ ਗਿਣਤੀ**

***1437(ਸੀ.ਯੂ.) ਸ. ਸਰਵਣ ਸਿੰਘ ਧੁੰਨ:-**

ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਹਲਕਾ ਖੇਮਕਰਨ ਵਿੱਚ ਪੈਂਦੇ ਸਾਰੇ ਸਕੂਲਾਂ ਵਿੱਚ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਖਾਲ੍ਹੀ ਅਸਾਮੀਆਂ ਦੀ ਮੌਜੂਦਾ ਗਿਣਤੀ ਕਿੰਨੀ ਹੈ;

ਅ) ਖਾਲ੍ਹੀ ਅਸਾਮੀਆਂ ਨੂੰ ਭਰਨ ਲਈ ਸਰਕਾਰ ਦੁਆਰਾ ਕਿਹੜੇ ਕਿਹੜੇ ਕਦਮ ਚੁੱਕੇ ਗਏ ਹਨ ਜਾਂ ਚੁੱਕੇ ਜਾਣੇ ਹਨ ਅਤੇ ਇਸ ਪ੍ਰਕਿਆ ਨੂੰ ਕਦੋਂ ਤੱਕ ਪੂਰਾ ਕਰ ਦਿੱਤਾ ਜਾਵੇਗਾ?

**ਹਲਕਾ ਖੇਮਕਰਨ ਵਿੱਚ ਹੋਰ ਸਿਹਤ ਕੇਂਦਰ ਖੋਲਣਾ**

***1439(ਸੀ.ਯੂ.) ਸ. ਸਰਵਣ ਸਿੰਘ ਧੁੰਨ:-**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਖੇਮਕਰਨ ਵਿੱਚ ਹੋਰ ਸਿਹਤ ਕੇਂਦਰ (ਮੁਹੱਲਾ ਕਲੀਨਿਕ) ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਹਲਕਾ ਖੇਮਕਰਨ ਦੇ ਸਰਕਾਰੀ ਹਸਪਤਾਲਾਂ ਵਿੱਚ ਖਾਲ੍ਹੀ ਪਈਆਂ ਅਸਾਮੀਆਂ ਭਰਣਾ**

***1440(ਸੀ.ਯੂ.) ਸ. ਸਰਵਣ ਸਿੰਘ ਧੁੰਨ:-**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਖੇਮਕਰਨ ਦੇ ਸਰਕਾਰੀ ਹਸਪਤਾਲਾਂ ਵਿੱਚ ਖਾਲ੍ਹੀ ਪਈਆਂ ਡਾਕਟਰਾਂ ਦੀਆਂ ਅਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ; ਵੇਰਵੇ ਸਹਿਤ ਦੱਸਿਆ ਜਾਵੇ ?

**ਨਗਰ ਕਾਰਪੋਰੇਸ਼ਨਾਂ ਵਿੱਚ ਆਉਟ ਸੋਰਸ ਤੇ ਮੁਲਾਜ਼ਮ ਰੱਖਣ ਦੇ ਵੇਰਵੇ**

***1443(ਸੀ.ਯੂ.) ਸ਼੍ਰੀ ਨਰੇਸ਼ ਪੁਰੀ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਗਰ ਕਾਰਪੋਰੇਸ਼ਨਾਂ ਵਿੱਚ ਆਉਟ ਸੋਰਸ ਮੁਲਾਜ਼ਮ ਰੱਖਣ ਲਈ ਕੀ ਯੋਗਤਾ ਹੈ ਅਤੇ ਇਹ ਭਰਤੀ ਕਿਹੜੇ ਨਿਯਮਾਂ ਅਧੀਨ ਕੀਤੀ ਜਾਂਦੀ ਹੈ?

**ਹਲਕਾ ਖੇਮਕਰਨ ਵਿੱਚ ਡਿਫੈਂਸ ਡਰੇਨ ਉੱਤੇ ਪੁੱਲ ਦੀ ਉਸਾਰੀ ਕਰਨਾ**

***1448(ਸੀ.ਯੂ.) ਸ. ਸਰਵਣ ਸਿੰਘ ਧੁੰਨ:-**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਖੇਮਕਰਨ ਵਿੱਚ ਪਿੰਡ ਕੋਨਾ ਵਿਖੇ ਡਿਫੈਂਸ ਡਰੇਨ ਉੱਤੇ ਬਣਿਆ ਪੁੱਲ ਢਾਹ ਦਿੱਤਾ ਗਿਆ ਹੈ; ਜੇਕਰ ਅਜਿਹਾ ਹੈ ਤਾਂ ਡਿਫੈਂਸ ਡਰੇਨ ਉੱਤੇ ਪੁਲ ਦੀ ਉਸਾਰੀ ਦਾ ਕੰਮ ਕਦੋਂ ਤੱਕ ਸ਼ੁਰੂ ਕਰ ਦਿੱਤਾ ਜਾਵੇਗਾ?

**ਪਿੰਡ ਭੰਗਾਲੀ ਕਲਾਂ ਤੋਂ ਪਿੰਡ ਸਾਰਚੂਰ ਸੜਕ ਤੇ ਬਣੇ ਪੁਲ ਨੂੰ ਰੈਂਪ ਰੋਡ ਬਣਾਉਣਾ**

***1450(ਸੀ.ਯੂ.) ਸ਼੍ਰੀਮਤੀ ਗਨੀਵ ਕੌਰ ਮਜੀਠੀਆ:-**

ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਮਜੀਠਾ ਦੇ ਪਿੰਡ ਭੰਗਾਲੀ ਕਲਾਂ ਤੋਂ ਪਿੰਡ ਸਾਰਚੂਰ (ਜ਼ਿਲ੍ਹਾ ਅੰਮ੍ਰਿਤਸਰ) ਸੜਕ ਤੇ ਬਣੇ ਪੁਲ ਨੂੰ ਰੈਂਪ ਰੋਡ ਨਹੀਂ ਬਣਾਇਆ ਗਿਆ, ਜਿਸ ਕਾਰਨ ਲੋਕਾਂ ਨੂੰ ਆਉਣ ਜਾਣ ਵਿੱਚ ਮੁਸ਼ਕਲ ਪੇਸ਼ ਆਉਂਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ਅਤੇ ਇੱਥੇ ਰੈਂਪ ਰੋਡ ਕਦੋਂ ਤੱਕ ਬਣਾ ਦਿੱਤਾ ਜਾਵੇਗਾ?

**ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਭੰਗਾਲੀ ਕਲਾਂ ਦੀਆਂ ਖਾਲੀ ਅਸਾਮੀਆਂ ਭਰਨਾ**

***1451(ਸੀ.ਯੂ.) ਸ਼੍ਰੀਮਤੀ ਗਨੀਵ ਕੌਰ ਮਜੀਠੀਆ:-**

ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਮਜੀਠਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਭੰਗਾਲੀ ਕਲਾਂ (ਜ਼ਿਲ੍ਹਾ ਅੰਮ੍ਰਿਤਸਰ) ਵਿੱਚ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ਼ ਦੀਆਂ ਕਿੰਨੀਆਂ-ਕਿੰਨੀਆਂ ਮਨਜ਼ੂਰਸ਼ੁਦਾ ਅਸਾਮੀਆਂ ਹਨ, ਇਨ੍ਹਾਂ ਅਸਾਮੀਆਂ ਵਿੱਚੋਂ ਕਿੰਨੀਆਂ ਅਸਾਮੀਆਂ ਕਿੰਨੇ ਚਿਰ ਤੋਂ ਖਾਲ੍ਹੀ ਪਈਆਂ ਹਨ ਅਤੇ ਖਾਲ੍ਹੀ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

**ਪਿੰਡ ਭੰਗਾਲੀ ਕਲਾਂ ਦੇ ਕੱਚੇ ਨਹਿਰੀ ਖਾਲਾਂ ਨੂੰ ਪੱਕੇ ਕਰਨਾ**

***1452(ਸੀ.ਯੂ.) ਸ਼੍ਰੀਮਤੀ ਗਨੀਵ ਕੌਰ ਮਜੀਠੀਆ:-**

ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਮਜੀਠਾ (ਜ਼ਿਲ੍ਹਾ ਅੰਮ੍ਰਿਤਸਰ) ਦੇ ਪਿੰਡ ਭੰਗਾਲੀ ਕਲਾਂ ਦੇ ਕੱਚੇ ਨਹਿਰੀ ਖਾਲਾਂ ਨੂੰ ਪੱਕੇ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਇਨ੍ਹਾਂ ਕੱਚੇ ਖਾਲਾਂ ਨੂੰ ਪੱਕੇ ਕਰ ਦਿੱਤਾ ਜਾਵੇਗਾ?

**ਪਿੰਡ ਭੰਗਾਲੀ ਕਲਾਂ ਤੋਂ ਪਿੰਡ ਟਰਪਈ ਸੜਕ ਤੇ ਨਵਾਂ ਪੁਲ ਉਸਾਰਨਾ**

***1453(ਸੀ.ਯੂ.) ਸ਼੍ਰੀਮਤੀ ਗਨੀਵ ਕੌਰ ਮਜੀਠੀਆ:-**

ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਮਜੀਠਾ (ਜ਼ਿਲ੍ਹਾ ਅੰਮ੍ਰਿਤਸਰ) ਦੇ ਪਿੰਡ ਭੰਗਾਲੀ ਕਲਾਂ ਤੋਂ ਪਿੰਡ ਟਰਪਈ ਸੜਕ ਤੇ ਬਣੇ ਪੁਲ ਦੀ ਹਾਲਤ ਬਹੁਤ ਜ਼ਿਆਦਾ ਖਰਾਬ ਹੋਣ ਕਾਰਨ ਇੱਥੇ ਇੱਕ ਨਵਾਂ ਪੁਲ ਮੁੜ ਉਸਾਰੇ ਜਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਬਰਨਾਲਾ ਜ਼ਿਲ੍ਹੇ ਵਿੱਚ ਮੁਹੱਲਾ ਕਲੀਨਿਕ ਬਣਾਉਣਾ**

***1455(ਸੀ.ਯੂ.) ਸ਼੍ਰੀ ਕੁਲਦੀਪ ਸਿੰਘ ਢਿੱਲੋਂ ਕਾਲਾ ਢਿੱਲੋਂ:-**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਰਨਾਲਾ ਜ਼ਿਲ੍ਹੇ ਵਿੱਚ ਹੁਣ ਤੱਕ ਕੁੱਲ 14 ਮੁਹੱਲਾ ਕਲੀਨਿਕ ਹੀ ਬਣਾਏ ਗਏ ਹਨ, ਜਿੰਨ੍ਹਾਂ ਵਿੱਚੋਂ ਬਹੁਤੇ ਤਾਂ ਆਰਜੀ ਪ੍ਰਬੰਧਾਂ ਹੇਠ ਜਾਂ ਪੁਰਾਣੇ P.H.C. ਸੈਟਰਾਂ ਵਿੱਚ ਹੀ ਬਣਾ ਦਿੱਤੇ ਗਏ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਆਉਣ ਵਾਲੇ ਸਮੇਂ ਵਿੱਚ ਕੋਈ ਹੋਰ ਮੁਹੱਲਾ ਕਲੀਨਿਕ ਬਰਨਾਲਾ ਜ਼ਿਲ੍ਹੇ ਵਿੱਚ ਬਣਾਉਣ ਦੀ ਯੋਜਨਾ ਬਣਾ ਰਹੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਕਾਰੀ ਨੌਕਰੀਆਂ ਦੀ ਭਰਤੀ ਦੌਰਾਨ ਅਨੁਸੂਚਿਤ ਜਾਤੀਆਂ ਨੂੰ ਮਿਲਦੇ ਰਾਖਵਾਂਕਰਨ ਨੂੰ ਹੋਰ ਜਗਾ ਵੀ ਲਾਗੂ ਕਰਨਾ**

***1459(ਸੀ.ਯੂ.) ਸ. ਲਾਭ ਸਿੰਘ ਉਗੋਕੇ:-**

ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਸਰਕਾਰ ਵੱਲੋਂ ਸਰਕਾਰੀ ਨੌਕਰੀਆਂ ਦੀ ਭਰਤੀ ਦੌਰਾਨ ਅਨੁਸੂਚਿਤ ਜਾਤੀਆਂ ਵਿਚੋਂ ਬਾਲਮੀਕ / ਮਜ਼ਹਬੀ ਸਿੱਖ ਭਾਈਚਾਰੇ ਨੂੰ ਮਿਲਦੇ 12.5 ਪ੍ਰਤੀਸ਼ਤ ਰਾਖਵਾਂਕਰਨ ਨੂੰ ਹਰ ਤਰਾਂ ਦੀ ਪੜਾਈ ਸਬੰਧੀ ਦਾਖਲਿਆਂ, ਸਰਕਾਰੀ ਨੌਕਰੀਆਂ ਦੀਆਂ ਤਰੱਕੀਆਂ ਅਤੇ ਬੋਰਡਾਂ ਕਾਰਪੋਰੇਸ਼ਨਾਂ ਦੇ ਚੇਅਰਮੈਨ/ ਮੈਂਬਰਾਂ ਲਈ ਕਦੋਂ ਤੱਕ ਲਾਗੂ ਕੀਤਾ ਜਾਵੇਗਾ ?

**ਪੰਜਾਬ ਦੀਆਂ ਪਲੈਨ ਸੜਕਾਂ ਦੇ ਵੇਰਵੇ**

***1461(ਸੀ.ਯੂ.) ਸ. ਗੁਰਦਿੱਤ ਸਿੰਘ:-**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੰਜਾਬ ਵਿੱਚ ਪਲੈਨ ਸੜਕਾਂ ਦੀ ਕੁੱਲ ਲੰਬਾਈ ਕਿੰਨੀ ਹੈ;

ਅ) ਇਹਨਾਂ ਸੜਕਾਂ ਦੀ ਮੈਨਟੀਨੈਂਸ ਕਰਨ ਲਈ ਰੂਲਾਂ ਅਨੁਸਾਰ ਪ੍ਰਤੀ ਕਿਲੋਮੀਟਰ ਕਿੰਨੇ ਬੇਲਦਾਰ ਲਗਾਏ ਜਾਂਦੇ ਸੀ;

ੲ) ਇੱਕ ਬੇਲਦਾਰ ਪ੍ਰਤੀ ਮਹੀਨਾ ਤਨਖਾਹ ਦੱਸੀ ਜਾਵੇ;

ਸ) ਹੁਣ ਸੜਕਾਂ ਦੀ ਰਿਪੇਅਰ ਕਰਨ ਲਈ ਪੰਜ ਸਾਲ ਮੈਨਟੀਨੈਂਸ ਕਰਨ ਦਾ ਪ੍ਰਚਲਣ ਹੈ ਇਹ ਮੈਨਟੀਨੈਂਸ ਜਿਸ ਠੇਕੇਦਾਰ ਵੱਲੋਂ ਸੜਕ ਬਣਾਈ ਗਈ ਹੈ ਉਸ ਵੱਲੋਂ ਕੀਤੀ ਜਾਂਦੀ ਹੈ, ਸਾਲ-2017 ਤੋਂ ਹੁਣ ਤੱਕ ਇਹਨਾਂ ਸੜਕਾਂ ਦੀ ਮੈਨਟੀਨੈਂਸ ਉੱਪਰ ਕਿੰਨਾ ਖਰਚ ਆਇਆ ਹੈ?

**ਡਰੋਨ ਦੁਆਰਾ ਖਰਾਬ ਹੋਈਆਂ ਫਸਲਾਂ ਦਾ ਸਰਵੇ ਕਰਵਾਉਣਾ**

***1464(ਸੀ.ਯੂ.) ਸ. ਗੁਰਦਿੱਤ ਸਿੰਘ:-**

ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਰ ਸਾਲ ਕੁਦਰਤੀ ਕਰੋਪੀ ਕਾਰਨ ਫਸਲਾਂ ਦਾ ਬਹੁਤ ਨੁਕਸਾਨ ਹੁੰਦਾ ਹੈ ਅਤੇ ਖਰਾਬ ਹੋਈਆਂ ਫਸਲਾਂ ਦਾ ਸਰਵੇ ਹੋਣ ਵਿੱਚ ਕਾਫੀ ਦੇਰੀ ਹੋ ਜਾਂਦੀ ਹੈ, ਜਿਸ ਕਰਕੇ ਕਿਸਾਨਾਂ ਨੂੰ ਸਮੇਂ ਸਿਰ ਉਹਨਾਂ ਦਾ ਮੁਆਵਜਾ ਨਹੀਂ ਮਿਲਦਾ; ਜੇਕਰ ਅਜਿਹਾ ਹੋਵੇ ਤਾਂ ਖਰਾਬ ਹੋਈਆਂ ਫਸਲਾਂ ਦਾ ਡਰੋਨ ਰਾਹੀਂ ਸਰਵੇ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਫਰੀਦਕੋਟ ਵਿਖੇ ਕੈਮੀਕਲ ਐਗਜਾਮੀਨਰ ਲੈਬੋਰਟਰੀ ਬਣਾਉਣਾ**

***1465(ਸੀ.ਯੂ.) ਸ. ਗੁਰਦਿੱਤ ਸਿੰਘ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਾਲ 2019 ਵਿੱਚ ਫਰੀਦਕੋਟ ਵਿਖੇ ਕੈਮੀਕਲ ਐਗਜਾਮੀਨਰ ਲੈਬੋਰਟਰੀ ਬਣਾਉਣ ਦੀ ਕੋਈ ਤਜਵੀਜ ਸੀ; ਜੇਕਰ ਸੀ ਤਾਂ ਸਰਕਾਰ ਇਹ ਲੈਬੋਰਟਰੀ ਕਦੋਂ ਤੱਕ ਫਰੀਦਕੋਟ ਵਿਖੇ ਬਣਵਾ ਦੇਵੇਗੀ?

**ਦਰਬਾਰ ਗੰਜ ਰੈਸਟ ਹਾਊਸ,ਫਰੀਦਕੋਟ ਦੀਆਂ ਸੜਕਾਂ ਦੀ ਮੁਰੰਮਤ ਕਰਵਾਉਣਾ**

***1466(ਸੀ.ਯੂ.) ਸ. ਗੁਰਦਿੱਤ ਸਿੰਘ:-**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਦਰਬਾਰ ਗੰਜ ਰੈਸਟ ਹਾਊਸ,ਫਰੀਦਕੋਟ ਦੀਆਂ ਇੰਟਰਨਲ ਰੋਡ ਉੱਪਰ ਪ੍ਰੀ-ਮੈਕਸ ਵਛਾਉਣ ਦਾ ਕੰਮ ਲਗਭਗ 15 ਸਾਲ ਪਹਿਲਾਂ ਕੀਤਾ ਗਿਆ ਸੀ ਅਤੇ ਇਸ ਸਮੇਂ ਇਹਨਾਂ ਸੜਕਾਂ ਦੀ ਹਾਲਤ ਬੇਹੱਦ ਖਰਾਬ ਹੈ; ਜੇਕਰ ਅਜਿਹਾ ਹੋਵੇ ਤਾਂ ਇਹਨਾਂ ਸੜਕਾਂ ਦੀ ਮੁਰੰਮਤ ਕਦੋਂ ਤੱਕ ਕਰਵਾ ਦਿੱਤੀ ਜਾਵੇਗੀ?

**ਫਰੀਦਕੋਟ-ਸਾਦਿਕ ਰੋਡ ਦੀ ਮੁਰੰਮਤ ਕਰਵਾਉਣਾ**

***1467(ਸੀ.ਯੂ.) ਸ. ਗੁਰਦਿੱਤ ਸਿੰਘ:-**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਫਰੀਦਕੋਟ-ਸਾਦਿਕ ਰੋਡ ਦੇ ਸ਼ਹਿਰ ਦਾ ਵਿਚਲਾ ਹਿੱਸਾ ਲਗਭਗ 4 ਸਾਲ ਪਹਿਲਾਂ ਬਣਿਆ ਸੀ, ਪਰ ਸੜਕ ਬਣਨ ਤੋਂ ਤੁਰੰਤ ਬਾਅਦ ਬੈਠਣੀ ਸ਼ੁਰੂ ਹੋ ਗਈ ਹੈ ਅਤੇ ਜਗ੍ਹਾ-ਜਗ੍ਹਾ ਤੇ ਵੱਡੇ-ਵੱਡੇ ਟੋਏ ਪੈਂਦੇ ਜਾ ਰਹੇ ਹਨ; ਜੇਕਰ ਅਜਿਹਾ ਹੋਵੇ ਤਾਂ ਇਸ ਸੜਕ ਦੀ ਮੁਰੰਮਤ ਕਦੋਂ ਤੱਕ ਕਰਵਾ ਦਿੱਤੀ ਜਾਵੇਗੀ ਅਤੇ ਇਸ ਸੜਕ ਦੇ ਬਾਰ-ਬਾਰ ਬੈਠਣ ਦੇ ਤਕਨੀਕੀ ਕਾਰਨ ਕੀ ਹਨ?

**ਅਰਨੀਵਾਲਾ ਦੇ ਪਿੰਡ ਕੱਟਿਆਂਵਾਲੀ ਬੋਦਲਾ ਵਿਖੇ ਪੀਣ ਵਾਲੇ ਪਾਣੀ ਦਾ ਪ੍ਰੋਜੈਕਟ ਸ਼ੁਰੂ ਕਰਨਾ**

***1477(ਸੀ.ਯੂ.) ਸ੍ਰੀ ਜਗਦੀਪ ਕੰਬੋਜ਼ ਗੋਲਡੀ:-**

ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਜਲਾਲਾਬਾਦ (ਪੱ) ਬਲਾਕ ਅਰਨੀਵਾਲਾ ਦੇ ਪਿੰਡ ਘੱਟਿਆਂਵਾਲੀ ਬੋਦਲਾ ਵਿਖੇ ਨਹਿਰੀ ਪਾਣੀ ਤੋਂ ਪੀਣ ਵਾਲੇ ਪਾਣੀ ਦਾ ਪ੍ਰੋਜੈਕਟ ਲਗ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਸ਼ੁਰੂ ਕਰਵਾ ਦਿੱਤਾ ਜਾਵੇਗਾ ਅਤੇ ਇਸ ਕੰਮ ਵਿੱਚ ਦੇਰੀ ਦੇ ਕੀ ਕਾਰਨ ਹਨ; ਵੇਰਵੇ ਸਹਿਤ ਦੱਸਿਆ ਜਾਵੇ ?

**ਨਗਰ ਕੌਂਸਲ ਜਲਾਲਾਬਾਦ ਵਿਖੇ ਵਾਟਰ ਟਰੀਟਮੈਂਟ ਪਲਾਂਟ ਲਗਾਉਣਾ**

***1479(ਸੀ.ਯੂ.) ਸ੍ਰੀ ਜਗਦੀਪ ਕੰਬੋਜ਼ ਗੋਲਡੀ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਗਰ ਕੌਂਸਲ ਜਲਾਲਾਬਾਦ (ਪ) ਸ਼ਹਿਰ ਨੂੰ ਨਹਿਰੀ ਪਾਣੀ ਦੇਣ ਸਬੰਧੀ ਕੋਈ ਵਾਟਰ ਟਰੀਟਮੈਂਟ ਪਲਾਂਟ ਲਗਾਉਣ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਯੋਜਨਾ ਕਦੋਂ ਤੱਕ ਮੁਕੰਮਲ ਕੀਤੀ ਜਾਵੇਗੀ; ਵੇਰਵੇ ਸਹਿਤ ਦੱਸਿਆ ਜਾਵੇ?

**ਨਵੀਂ ਖੇਤੀ ਨੀਤੀ ਬਣਾਉਣਾ**

***1482(ਸੀ.ਯੂ.) ਸ. ਪ੍ਰਤਾਪ ਸਿੰਘ ਬਾਜਵਾ:-**

ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਸਰਕਾਰ ਵੱਲੋਂ ਕੋਈ ਨਵੀਂ ਖੇਤੀ ਨੀਤੀ ਬਣਾਈ ਗਈ ਹੈ;

ਅ) ਜੇਕਰ ਉਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਇਸ ਦੇ ਕੀ ਵੇਰਵੇ ਹਨ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ;

ੲ) ਫਸਲੀ ਵਿਭਿੰਨਤਾ ਦੇ ਤਹਿਤ ਕਿਸਾਨਾਂ ਨੂੰ ਹੁਣ ਤੱਕ ਕਿੰਨੀ ਰਾਸ਼ੀ ਜਾਰੀ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਗਿਦੜਬਾਹੇ ਦੇ ਆਉਟਰ ਰਿੰਗ ਰੋਡ ਨਾਲ ਜੁੜੀਆਂ ਲਿੰਕ ਸੜਕਾਂ ਦੀ ਰਿਪੇਅਰ ਕਰਵਾਉਣਾ**

***1483(ਸੀ.ਯੂ.) ਸ੍ਰੀ ਹਰਦੀਪ ਸਿੰਘ ਡਿੰਪੀ ਢਿੱਲੋਂ:-**

ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਗਿਦੜਬਾਹੇ ਦੇ ਆਊਟਰ ਰਿੰਗ ਰੋਡ ਨਾਲ ਜੁੜੀਆਂ ਜਿੰਨੀਆਂ ਵੀ ਲਿੰਕ ਸੜਕਾਂ ਹਨ ਉਨ੍ਹਾਂ ਦੀ ਰਿਪੇਅਰ ਕਿਸ ਸਾਲ ਵਿੱਚ ਕਰਵਾਈ ਗਈ ਸੀ, ਉਸਦੇ ਵੇਰਵੇ ਕੀ ਹਨ; ਜੇਕਰ ਨਹੀਂ ਤਾਂ ਇਹਨਾਂ ਸੜਕਾਂ ਦੀ ਰਿਪੇਅਰ ਕਦੋਂ ਤੱਕ ਕਰਵਾ ਦਿੱਤੀ ਜਾਵੇਗੀ ?

**ਫਰੀਦਕੋਟ ਵਿਖੇ ਸੀਵਰੇਜ ਬੋਰਡ ਦੇ ਬਕਾਇਆ 26.56 ਕਰੋੜ ਰੁਪਏ ਜਾਰੀ ਕਰਨਾ**

***1484(ਸੀ.ਯੂ.) ਸ. ਗੁਰਦਿੱਤ ਸਿੰਘ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਫਰੀਦਕੋਟ ਸ਼ਹਿਰ ਵਿੱਚ ਪਿਛਲੇ ਕਾਫੀ ਲੰਮੇ ਸਮੇਂ ਤੋਂ ਸੀਵਰੇਜ ਬੋਰਡ ਦੇ 26.56 ਕਰੋੜ ਰੁਪਏ ਦੇ ਫੰਡਜ਼ ਬਕਾਇਆ ਹਨ; ਜੇਕਰ ਅਜਿਹਾ ਹੋਵੇ ਤਾਂ ਇਹ ਫੰਡਜ਼ ਕਦੋਂ ਤੱਕ ਜਾਰੀ ਕਰ ਦਿੱਤੇ ਜਾਣਗੇ?

**ਫਤਿਹਗੜ ਪੰਜਤੂਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿੱਚ ਸਾਇੰਸ ਦੀਆ ਕਲਾਸਾਂ ਸ਼ੁਰੂ ਕਰਨਾ**

***1492(ਸੀ.ਯੂ.) ਸ. ਦਵਿੰਦਰਜੀਤ ਸਿੰਘ ਲਾਡੀ ਢੋਸ:-**

ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਧਰਮਕੋਟ ਦੇ ਕਸਬਾ ਫਤਿਹਗੜ ਪੰਜਤੂਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿੱਚ 10+1 ਅਤੇ 10+2 ਦੀਆਂ ਕਲਾਸਾਂ ਲਈ Medical & Non Medical ਹੋਣ ਦੇ ਬਾਵਜੂਦ ਵੀ ਸਾਇੰਸ ਦੀਆ ਕਲਾਸਾਂ ਸ਼ੁਰੂ ਨਹੀ ਹੋ ਰਹੀਆ; ਜੇਕਰ ਅਜਿਹਾ ਹੈ ਤਾਂ ਇਹ ਕਲਾਸਾਂ ਕਦੋਂ ਤੱਕ ਸ਼ੁਰੂ ਹੋ ਜਾਣਗੀਆਂ?

**ਅੰਮ੍ਰਿਤਸਰ-ਦੱਖਣੀ ਵਿਖੇ ਕੂੜੇ ਦੇ ਡੰਪ ਨੂੰ ਸਾਫ ਕਰਨਾ**

***1495(ਸੀ.ਯੂ.) ਡਾ. ਇੰਦਰਬੀਰ ਸਿੰਘ ਨਿੱਝਰ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਅੰਮ੍ਰਿਤਸਰ-ਦੱਖਣੀ ਵਿਖੇ ਸਥਿਤ ਕੂੜੇ ਦਾ ਡੰਪ ਜਿਥੇ ਪਿਛਲੇ ਕਈ ਸਾਲਾਂ ਤੋਂ ਪੂਰੇ ਸ਼ਹਿਰ ਦਾ ਕੂੜਾ ਸੁੱਟਿਆ ਜਾਂਦਾ ਹੈ ਨੂੰ Legacy Waste Segregate ਕਰਕੇ ਕਦੋਂ ਤੱਕ ਸਾਫ ਕੀਤਾ ਜਾਵੇਗਾ?

**ਅੰਮ੍ਰਿਤਸਰ-ਦੱਖਣੀ ਵਿਖੇ ਸੀਵਰੇਜ ਸਿਸਟਮ ਦੀ ਸਫਾਈ/ਡੀਸਿਲਟਿੰਗ ਲਈ ਫੰਡ ਜਾਰੀ ਕਰਨਾ**

***1496(ਸੀ.ਯੂ.) ਡਾ. ਇੰਦਰਬੀਰ ਸਿੰਘ ਨਿੱਝਰ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਅੰਮ੍ਰਿਤਸਰ-ਦੱਖਣੀ ਵਿਖੇ ਸੀਵਰੇਜ ਸਿਸਟਮ ਕਾਫੀ ਪੁਰਾਣਾ ਹੋਣ ਕਾਰਣ ਇਸ ਵਿੱਚ ਅਕਸਰ ਹੀ ਗਾਰ ਫਸੀ ਰਹਿੰਦੀ ਹੈ, ਜਿਸ ਕਾਰਣ ਇਸ ਦੇ ਸੀਵਰੇਜ ਸਿਸਟਮ ਦੀ ਸਫਾਈ/ ਡੀਸਿਲਟਿੰਗ ਹੋਣੀ ਅਤਿ ਜਰੂਰੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੀ ਸਫਾਈ/ ਡੀਸਿਲਟਿੰਗ ਲਈ ਲੋੜੀਂਦੇ ਫੰਡ ਕਦੋਂ ਤੱਕ ਜਾਰੀ ਕੀਤੇ ਜਾਣਗੇੇ?

**ਦੀਨਾਨਗਰ ਵਿਖੇ ਬਣ ਰਹੇ ਸੀਵਰੇਜ਼ ਟ੍ਰੀਟਮੈਂਟ ਪਲਾਂਟ ਦੇ ਵੇਰਵੇ**

***1498(ਸੀ.ਯੂ.) ਸ਼੍ਰੀਮਤੀ ਅਰੁਣਾ ਚੌਧਰੀ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਗਰ ਕੌਂਸਲ ਦੀਨਾਨਗਰ ਵਿਖੇ ਬਣ ਰਿਹਾ ਸੀਵਰੇਜ਼ ਟ੍ਰੀਟਮੈਂਟ ਪਲਾਂਟ ਕਦੋਂ ਸ਼ੁਰੂ ਹੋਇਆ ਸੀ ਅਤੇ ਕਦੋਂ ਮੁਕੰਮਲ ਹੋਣਾ ਚਾਹੀਦਾ ਸੀ; ਇਸ ਵਿੱਚ ਹੋਈ ਦੇਰੀ ਦੇ ਕੀ ਕਾਰਨ ਹਨ ਅਤੇ ਇਹ ਹੁਣ ਕਦੋਂ ਤੱਕ ਮੁਕੰਮਲ ਹੋ ਕੇ ਸ਼ੁਰੂ ਹੋ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

**ਪ੍ਰਧਾਨ ਮੰਤਰੀ ਸ਼ਹਿਰੀ ਅਵਾਸ ਯੋਜਨਾ ਤਹਿਤ ਲਾਭ ਪਾਤਰੀਆਂ ਨੂੰ ਘਰ ਬਣਾ ਕੇ ਦੇਣਾ**

***1500(ਸੀ.ਯੂ.) ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਠਾਨਕੋਟ ਸ਼ਹਿਰ ਵਿੱਚ ਪ੍ਰਧਾਨ ਮੰਤਰੀ ਸ਼ਹਿਰੀ ਅਵਾਸ ਯੋਜਨਾ ਤਹਿਤ ਵਿੱਤੀ ਸਾਲ, 2022-23 ਤੋਂ ਹੁਣ ਤੱਕ (ਸਾਲਾਵਾਰ) ਕਿੱਥੇ-ਕਿੱਥੇ ਅਤੇ ਕਿਹਨਾਂ-ਕਿਹਨਾਂ ਲਾਭਪਾਤਰੀਆਂ ਨੂੰ ਘਰ ਬਣਾ ਕੇ ਦੇ ਦਿੱਤੇ ਗਏ ਹਨ ਅਤੇ ਬਾਕੀ ਰਹਿੰਦੇ ਲਾਭ ਪਾਤਰੀਆਂ ਨੂੰ ਕਦੋਂ ਤੱਕ ਘਰ ਬਣਾ ਕੇ ਦੇ ਦਿੱਤੇ ਜਾਣਗੇ; ਵੇਰਵੇ ਸਹਿਤ ਦੱਸਿਆ ਜਾਵੇ?

**ਨਗਰ ਨਿਗਮ, ਪਠਾਨਕੋਟ ਨੂੰ ਦਿਤੇ ਫੰਡਾਂ ਦੇ ਵੇਰਵੇ**

***1502(ਸੀ.ਯੂ.) ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸੂਬਾ ਸਰਕਾਰ ਵੱਲੋਂ ਵਿੱਤੀ ਸਾਲ, 2023-24 ਅਤੇ 2024-25 ਦੌਰਾਨ ਨਗਰ ਨਿਗਮ, ਪਠਾਨਕੋਟ ਨੂੰ ਕਿੰਨੇ ਫੰਡ, ਕਿਹੜੇ ਕੰਮਾਂ ਲਈ ਦਿੱਤੇ ਗਏ ਸੀ; ਇਨ੍ਹਾਂ ਸਾਲਾਂ ਦੌਰਾਨ ਕਿੰਨੇ ਫੰਡ ਸਮੇਂ ਸਿਰ ਖਰਚ ਕੀਤੇ ਗਏ ਅਤੇ ਕਿੰਨੇ ਫੰਡਾਂ ਦੀ ਵਰਤੋਂ ਨਹੀਂ ਕੀਤੀ ਗਈ; ਵੇਰਵੇ ਸਹਿਤ ਦੱਸਿਆ ਜਾਵੇ?

**ਪੰਜਾਬ ਪੁਲਿਸ ਦੇ ਮੁਲਾਜਮਾਂ ਨੂੰ ਹਫਤੇ ਵਿੱਚ ਇੱਕ ਛੁੱਟੀ ਦੇਣਾ**

***1505(ਸੀ.ਯੂ.) ਸ. ਗੁਰਪ੍ਰੀਤ ਸਿੰਘ ਬਨਾਂਵਲੀ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਦੇ ਦੂਸਰੇ ਵਿਭਾਗਾਂ ਦੀ ਤਰਜ ਤੇ ਪੰਜਾਬ ਪੁਲਿਸ ਦੇ ਮੁਲਾਜਮਾਂ ਨੂੰ ਵੀ ਹਫਤੇ ਵਿੱਚ ਇੱਕ ਛੁੱਟੀ ਦਿੱਤੀ ਜਾਂਦੀ ਹੈ; ਜੇਕਰ ਅਜਿਹਾ ਨਹੀਂ ਹੈ ਤਾਂ ਕੀ ਸਰਕਾਰ ਪੰਜਾਬ ਪੁਲਿਸ ਦੇ ਮੁਲਾਜਮਾਂ ਨੂੰ ਹਫਤਾਵਾਰੀ ਛੁੱਟੀ ਦੇਣ ਦੀ ਕੋਈ ਤਜਵੀਜ਼ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਸੂਬੇ ਦੇ ਮੈਰਿਜ ਪੈਲਸਾਂ ਵਿੱਚ ਵਰਤਾਈ ਜਾਂਦੀ ਸ਼ਰਾਬ ਦੀਆਂ ਕੀਮਤਾਂ ਦੇ ਵੇਰਵੇ**

***1506(ਸੀ.ਯੂ.) ਸ. ਗੁਰਪ੍ਰੀਤ ਸਿੰਘ ਬਨਾਂਵਲੀ:-**

ਕੀ ਆਬਕਾਰੀ ਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸੂਬੇ ਦੇ ਮੈਰਿਜ ਪੈਲੇਸਾਂ ਵਿੱਚ ਵਰਤਾਈ ਜਾਂਦੀ ਸ਼ਰਾਬ ਦੀ ਕੀਮਤ ਮਾਰਕਿਟ ਨਾਲੋਂ ਵੱਧ ਹੁੰਦੀ ਹੈ; ਕੀ ਪਰਮਿਟ ਲੈਣ ਦੇ ਬਾਵਜੂਦ ਵੀ ਜਿਆਦਾ ਰੇਟ ਵਸੂਲੇ ਜਾ ਸਕਦੇ ਹਨ;

ਅ) ਕੀ ਇਹ ਵੀ ਠੀਕ ਹੈ ਕਿ ਪੈਲੇਸ ਵਿੱਚ ਵਰਤਾਈ ਜਾਂਦੀ ਸ਼ਰਾਬ ਨੂੰ ਆਪਣੇ ਏਰੀਏ ਦੇ ਠੇਕੇ ਤੋਂ ਲੈਣਾ ਹੀ ਲਾਜਮੀ ਹੁੰਦਾ ਹੈ;

ੲ) ਕੀ ਠੇਕਿਆਂ ਉੱਤੇ ਸ਼ਰਾਬ ਦੀ ਰੇਟ ਲਿਸਟ ਲਗਾਉਣੀ ਲਾਜਮੀ ਹੈ ਜਾਂ ਨਹੀਂ;

ਸ) ਜੇਕਰ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਕੀ ਪੈਲੇਸ ਮਾਲਕਾਂ/ਸਬੰਧਿਤ ਠੇਕੇਦਾਰਾਂ ਖਿਲਾਫ ਵਿਭਾਗ ਵੱਲੋਂ ਕੋਈ ਕਾਰਵਾਈ ਕੀਤੀ ਗਈ ਹੈ; ਜੇਕਰ ਨਹੀਂ ਤਾਂ ਇਸਦੇ ਕੀ ਕਾਰਨ ਹਨ; ਵੇਰਵੇ ਸਹਿਤ ਦੱਸਿਆ ਜਾਵੇ ?

**ਵਿਧਾਇਕਾਂ ਨੂੰ ਕਰਜਾ ਦੇਣ ਦੀ ਸੁਵਿਧਾ ਦੁਬਾਰਾ ਸ਼ੂਰੁ ਕਰਨਾ**

***1509(ਸੀ.ਯੂ.) ਡਾ. ਜਸਬੀਰ ਸਿੰਘ ਸੰਧੂ:-**

ਕੀ ਸੰਸਦੀ ਕਾਰਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਵਿਧਾਨ ਸਭਾ ਵੱਲੋਂ ਵਿਧਾਇਕਾਂ ਨੂੰ ਕਰਜਾ ਦੇਣ ਦੀ ਸੁਵਿਧਾ ਦਿੱਤੀ ਜਾਂਦੀ ਸੀ, ਜੋ ਕਿ ਪਿੱਛਲੀਆਂ ਸਰਕਾਰਾਂ ਨੇ ਬੰਦ ਕਰ ਦਿੱਤੀ ਸੀ; ਜੇਕਰ ਅਜਿਹਾ ਹੈ ਤਾਂ ਕੀ ਵਿਧਾਇਕਾਂ ਦੀ ਸਹਾਇਤਾ ਲਈ ਇਹ ਸੁਵਿਧਾ ਦੁਬਾਰਾ ਸ਼ੁਰੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਮਲੇਰਕੋਟਲਾ ਸਰਕਾਰੀ ਕਾਲਜ ਦਾ ਸ਼ਤਾਬਦੀ ਸਮਾਰੋਹ ਮਨਾਉਣਾ**

***1512(ਸੀ.ਯੂ.) ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ:-**

ਕੀ ਉੱਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਕਾਰੀ ਕਾਲਜ ਮਲੇਰਕੋਟਲਾ ਜੋ ਕਿ 1926 ਵਿੱਚ ਸਥਾਪਿਤ ਹੋਇਆ ਸੀ, ਨੂੰ 2026 ਵਿੱਚ 100 ਸਾਲ ਪੂਰੇ ਹੋ ਰਹੇ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਸ ਕਾਲਜ ਨੂੰ ਸ਼ਤਾਬਦੀ ਸਮਾਰੋਹ ਮਨਾਉਣ ਲਈ ਕੋਈ ਫੰਡ ਜਾਰੀ ਕਰੇਗੀ ?

**ਖੰਨੇ ਸ਼ਹਿਰ ਦਾ ਸੀਵਰੇਜ ਦਾ ਪਾਣੀ ਡ੍ਰੇਨ ਵਿੱਚ ਪੈਣ ਤੋਂ ਰੋਕਣਾ**

***1513(ਸੀ.ਯੂ.) ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕੇ ਅਮਰਗੜ੍ਹ ਵਿੱਚੋਂ ਇਕ ਲਸਾੜਾ ਡ੍ਰੇਨ ਜਾਂਦੀ ਹੈ ਅਤੇ ਪਿੰਡ ਜਰਗੜੀ ਜਿੱਲ੍ਹਾ ਲੁਧਿਆਣਾ ਦੇ ਵਿੱਚੋਂ ਵੀ ਇਹ ਡ੍ਰੇਨ ਨਿਕਲਦੀ ਹੈ ਅਤੇ ਓਥੇ ਖੰਨੇ ਸ਼ਹਿਰ ਦਾ ਸੀਵਰੇਜ ਦਾ ਪਾਣੀ ਪੈਂਦਾ ਹੈ, ਜਿਸ ਕਾਰਨ ਬਾਰਿਸ਼ਾਂ ਦੇ ਮੌਸਮ ਵਿਚ ਡ੍ਰੇਨ ਦੀ ਕਪੈਸਿਟੀ ਵਧਣ ਕਾਰਨ ਹੜ ਦੀ ਸੰਭਾਵਨਾ ਵੱਧ ਜਾਂਦੀ ਹੈ ਅਤੇ ਸੀਵਰੇਜ ਦਾ ਗੰਦਾ ਪਾਣੀ ਪੈਣ ਕਰਕੇ ਸਾਡੇ ਹਲਕੇ ਦੇ ਪਿੰਡਾ ਨੂੰ ਨੁਕਸਾਨ ਵੀ ਹੁੰਦਾ ਹੈ; ਇਹ ਖੰਨੇ ਸ਼ਹਿਰ ਦਾ ਸੀਵਰੇਜ ਦਾ ਪਾਣੀ ਡ੍ਰੇਨ ਵਿਚ ਪੈਣ ਤੋਂ ਕਦੋ ਤੱਕ ਰੁੱਕ ਜਾਵੇਗਾ ?

**ਪਿੰਡ ਬਾਗੜੀਆਂ ਦੇ 'ਸਕੂਲ ਆਫ ਐਮੀਨੈਂਸ' ਲਈ ਫੰਡ ਦੇਣਾ**

***1514(ਸੀ.ਯੂ.) ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ:-**

ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕੇ ਅਮਰਗੜ੍ਹ ਦੇ ਪਿੰਡ ਬਾਗੜੀਆਂ ਦਾ 'ਸਕੂਲ ਆਫ ਐਮੀਨੈਂਸ' ਜੋ ਕਿ 2 ਸਾਲ ਪਹਿਲਾਂ 2022 ਵਿੱਚ ਪਾਸ ਹੋ ਚੁੱਕਿਆ ਸੀ, ਲਈ ਫੰਡ ਕਦੋਂ ਤੱਕ ਜਾਰੀ ਕੀਤੇ ਜਾਣਗੇ; ਵੇਰਵੇ ਸਹਿਤ ਦੱਸਿਆ ਜਾਵੇ ?

**ਜ਼ੀਰਕਪੁਰ ਸ਼ਹਿਰ ਵਿੱਚ ਇੰਟਰਨੈਸ਼ਨਲ ਇੰਡੋਰ ਸਟੇਡੀਅਮ ਬਣਾਉਣਾ**

***1517(ਸੀ.ਯੂ.) ਸ. ਕੁਲਜੀਤ ਸਿੰਘ ਰੰਧਾਵਾ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ੀਰਕਪੁਰ ਸ਼ਹਿਰ 05 ਤੋਂ 08 ਲੱਖ ਅਬਾਦੀ ਵਾਲਾ ਸ਼ਹਿਰ ਹੈ; ਜੇਕਰ ਅਜਿਹਾ ਹੈ ਤਾਂ ਕੀ ਜ਼ੀਰਕਪੁਰ ਸ਼ਹਿਰ ਲਈ ਇੰਟਰਨੈਸ਼ਨਲ ਲੈਵਲ ਦਾ ਇੰਡੋਰ ਸਟੇਡੀਅਮ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਸੁਲਤਾਨਪੁਰ ਲੋਧੀ ਵਿਖੇ ਖੇਡ ਸੇਟਡੀਅਮ ਨੂੰ ਜਾਰੀ ਫੰਡਾਂ ਦੇ ਵੇਰਵੇ**

***1519(ਸੀ.ਯੂ.) ਰਾਣਾ ਇੰਦਰ ਪ੍ਰਤਾਪ ਸਿੰਘ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਪੱਧਰੀ ਤਕਨੀਕੀ ਕਮੇਟੀ ਦੁਆਰਾ ਸੁਲਤਾਨਪੁਰ ਲੋਧੀ ਵਿਖੇ ਇੱਕ ਖੇਡ ਸੇਟਡੀਅਮ ਦੀ ਉਸਾਰੀ ਲਈ, ਸਮਾਰਟ ਸਿਟੀ ਪ੍ਰੋਜੈਕਟ ਦੇ ਫੰਡਾਂ ਵਿੱਚੋਂ ਮੂਲ ਰੂਪ ਵਿੱਚ 125 ਕਰੋੜ ਰੁਪਏ ਦੇ ਫੰਡ ਜਾਰੀ ਕੀਤੇ ਗਏ ਸਨ ਅਤੇ ਇਸਦੀ ਡੀ.ਪੀ.ਆਰ. ਵੀ ਤਿਆਰ ਕੀਤੀ ਗਈ ਸੀ; ਪਰੰਤੂ ਬਾਅਦ ਵਿੱਚ ਪ੍ਰੋਜੈਕਟ ਦੀ ਲਾਗਤ ਨੂੰ ਘਟਾ ਕੇ ਕੇਵਲ 25 ਕਰੋੜ ਰੁਪਏ ਕਰ ਦਿੱਤਾ ਗਿਆ ਸੀ; ਜੇਕਰ ਅਜਿਹਾ ਹੋਵੇ, ਤਾਂ ਉਕਤ ਸਟੇਡੀਅਮ ਦੀ ਤਾਜਾ ਸਥਿਤੀ ਦੇ ਨਾਲ-ਨਾਲ ਫੰਡ ਘਟਾਣ ਦੇ ਕਾਰਣ ਵੀ ਦੱਸੇ ਜਾਣ?

**ਸਰਕੁਲਰ ਰੋਡ ਅੰਮ੍ਰਿਤਸਰ ਤੇ ਹਾਲ ਗੇਟ ਤੋਂ ਗਿਲਵਾਲੀ ਗੇਟ (ਚਾਟੀਵਿੰਡ) ਤੱਕ ਕੀਤੇ ਕੰਮਾਂ ਦੇ ਵੇਰਵੇ**

***1521(ਸੀ.ਯੂ.) ਸ੍ਰੀ ਕੁੰਵਰ ਵਿਜੈ ਪ੍ਰਤਾਪ ਸਿੰਘ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕੁਲਰ ਰੋਡ, ਅੰਮ੍ਰਿਤਸਰ ਤੇ ਹਾਲ ਗੇਟ ਤੋਂ ਗਿਲਵਾਲੀ ਗੇਟ (ਚਾਟੀਵਿੰਡ) ਤੱਕ ਸੜਕਾਂ, ਫੁੱਟਪਾਥਾਂ, ਪੁਰਾਤਨ ਦੀਵਾਰਾਂ ਅਤੇ ਪਾਰਕਾਂ ਤੇ ਪਿਛਲੇ ਅੱਠ ਸਾਲਾਂ ਦੌਰਾਨ ਕੀ-ਕੀ ਕੰਮ ਕੀਤਾ ਗਿਆ ਹੈ; ਇਸ ਉੱਤੇ ਕਿੰਨਾ ਫੰਡ ਖਰਚਿਆ ਗਿਆ, ਕਿਹੜੇ ਫੰਡਾਂ ਵਿੱਚੋਂ ਖਰਚਾ ਕੀਤਾ ਗਿਆ ਅਤੇ ਠੇਕੇਦਾਰ ਅਤੇ ਵਰਕ ਏਜੰਸੀ ਦੇ ਵੇਰਵੇ ਕੀ ਹਨ ?

**ਅੰਮ੍ਰਿਤਸਰ ਦੇ ਇਤਿਹਾਸਕ ਗੋਲ ਬਾਗ ਅਤੇ ਰਾਮ ਬਾਗ ਦੀ ਮੁਰੰਮਤ ਕਰਨਾ**

***1525(ਸੀ.ਯੂ.) ਸ੍ਰੀ ਕੁੰਵਰ ਵਿਜੈ ਪ੍ਰਤਾਪ ਸਿੰਘ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਕੀ ਅਮ੍ਰਿਤਸਰ ਦੇ ਇਤਿਹਾਸਕ ਗੋਲ ਬਾਗ ਅਤੇ ਰਾਮ ਬਾਗ (ਕੰਪਨੀ ਬਾਗ) ਦੀ ਮੁਰੰਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋ ਤੱਕ;

ਅ) ਬਾਗਬਾਨਾਂ ਅਤੇ ਸਵੀਪਰਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਕਿੰਨੀਆਂ ਹਨ ਅਤੇ ਰਾਮ ਬਾਗ ਅਤੇ ਗੋਲ ਬਾਗ ਵਿਖੇ ਕਿੰਨੀਆਂ ਅਸਾਮੀਆਂ ਭਰੀਆਂ ਹਨ; ਇਸ ਸਮੇਂ ਰਾਮ ਬਾਗ ਅਤੇ ਗੋਲ ਬਾਗ ਦੀ ਦੇਖ -ਭਾਲ ਕੌਣ ਕਰ ਰਿਹਾ ਹੈ ?

**ਇੰਦਰਾ ਨਗਰੀ (ਅਬੋਹਰ) ਵਿੱਚ ਕਮਿਊਨਟੀ ਹਾਲ ਦੀ ਉਸਾਰੀ ਕਰਨਾ**

***1526(ਸੀ.ਯੂ.) ਸ਼੍ਰੀ ਸੰਦੀਪ ਜਾਖੜ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਇੰਦਰਾ ਨਗਰੀ (ਅਬੋਹਰ) ਵਿੱਚ ਕਮਿਊਨਟੀ ਹਾਲ ਦੀ ਉਸਾਰੀ ਨੂੰ ਮੁਕੰਮਲ ਕਰਨ ਲਈ ਪ੍ਰਸ਼ਾਸ਼ਨ ਤੋ ਮਨਜ਼ੂਰੀ ਮਿਲ ਚੁੱਕੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਪ੍ਰੋਜਕੈਟ ਲਈ ਫੰਡ ਕਦੋਂ ਤੱਕ ਜਾਰੀ ਕੀਤੇ ਜਾਣਗੇ ?

**ਅਬੋਹਰ ਦੇ ਪਿੰਡਾਂ ਵਿੱਚ ਪਾਣੀ ਭਰਨ ਦੀ ਸਮੱਸਿਆ ਦਾ ਹਲ ਕਰਨਾ**

***1527(ਸੀ.ਯੂ.) ਸ਼੍ਰੀ ਸੰਦੀਪ ਜਾਖੜ:-**

ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿਛਲੇ 3 ਸਾਲਾਂ ਤੋਂ ਅਬੋਹਰ (ਖੂਈਆ ਸਰਵਰ ਬਲਾਕ) ਦੇ ਪਿੰਡਾਂ ਵਿੱਚ ਪਾਣੀ ਭਰਨ ਦੀ ਸਮੱਸਿਆਂ ਵਿੱਚ ਵਾਧਾ ਹੋਇਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਗੰਭੀਰ ਸਮੱਸਿਆਂ ਦਾ ਹੱਲ ਕਰਨ ਲਈ ਸਰਕਾਰ ਕੀ ਯੋਜਨਾ ਬਣਾ ਰਹੀਂ ਹੈ?

**ਕੌਟਨ ਸੀਡਜ਼ ਲਈ ਬੀ.ਟੀ-3 ਜੀਨ ਸੀਡਜ਼ ਉਪਲਬਧ ਕਰਵਾਉਣਾ**

***1528(ਸੀ.ਯੂ.) ਸ਼੍ਰੀ ਸੰਦੀਪ ਜਾਖੜ:-**

ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੌਟਨ ਸੀਡਜ਼ ਲਈ ਬੀ.ਟੀ-3 ਜੀਨ ਸੀਡਜ਼ ਕਦੋਂ ਤੱਕ ਉਪਲਬਧ ਕਰਵਾ ਦਿੱਤੇ ਜਾਣਗੇ; ਵੇਰਵੇ ਸਹਿਤ ਦੱਸਿਆ ਜਾਵੇ?

**ਸਕੂਲਾਂ ਵਿੱਚ ਬੱਚਿਆਂ ਨੂੰ ਨਸ਼ਿਆਂ ਦੇ ਬੂਰੇ ਪ੍ਰਭਾਵ ਪ੍ਰਤੀ ਜਾਗਰੂਕਤ ਕਰਨ ਲਈ ਅਲਗ ਤੋਂ ਵਿਸ਼ਾ ਪੜ੍ਹਾਉਣਾ**

***1533(ਸੀ.ਯੂ.) ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ:-**

ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕੀ ਸਕੂਲਾਂ ਵਿੱਚ ਬੱਚਿਆਂ ਨੂੰ ਨਸ਼ਿਆਂ ਦੇ ਬੂਰੇ ਪ੍ਰਭਾਵ ਪ੍ਰਤੀ ਜਾਗਰੂਕਤ ਕਰਨ ਲਈ ਕੋਈ ਅਲਗ ਤੋਂ ਵਿਸ਼ਾ ਪੜ੍ਹਾਇਆ ਜਾ ਰਿਹਾ ਹੈ; ਜੇਕਰ ਅਲਗ ਤੋਂ ਵਿਸ਼ਾ ਨਹੀਂ ਪੜ੍ਹਾਇਆ ਜਾ ਰਿਹਾ ਤਾਂ ਇਸ ਦੇ ਕੀ ਕਾਰਨ ਹਨ; ਕੀ ਅਲਗ ਤੋਂ ਵਿਸ਼ਾ ਪੜ੍ਹਾਉਣ ਦਾ ਸਰਕਾਰ ਦੇ ਵਿਚਾਰ ਅਧੀਨ ਕੋਈ ਪ੍ਰਸਤਾਵ ਹੈ?

**ਅਮਰਗੜ੍ਹ ਦੇ ਬਾਈਪਾਸ ਦਾ ਕੰਮ ਸ਼ੁਰੂ ਕਰਵਾਉਣਾ**

***1534(ਸੀ.ਯੂ.) ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ:-**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਮਰਗੜ੍ਹ ਦੇ ਬਾਈਪਾਸ ਦਾ ਕੰਮ ਕਦੋਂ ਤੱਕ ਸ਼ੁਰੂ ਹੋ ਜਾਵੇਗਾ?

**ਗੁਰੂ ਗੋਬਿੰਦ ਸਿੰਘ ਜੀ ਮਾਰਗ (ਸਾਹਨੇਵਾਲ ਡੇਹਲੋਂ ਰੋਡ ਤੋਂ ਲੁਧਿਆਣਾ ਮਲੇਰਕੋਟਲਾ ਰੋਡ) ਦੀ ਰਿਪੇਅਰ ਕਰਨਾ**

***1538(ਸੀ.ਯੂ.) ਸ. ਜੀਵਨ ਸਿੰਘ ਸੰਗੋਵਾਲ:-**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਮਾਰਗ ਸੈਕਸ਼ਨ ਸਾਹਨੇਵਾਲ ਡੇਹਲੋਂ ਰੋਡ ਤੋਂ ਲੁਧਿਆਣਾ ਮਲੇਰਕੋਟਲਾ ਰੋਡ ਵਾਇਆ ਜੱਸੜ, ਜਰਖੜ ਲੰਬਾਈ 6:15 ਕਿ.ਮੀ. ਜਿਸ ਦੀ ਰਿਪੇਅਰ ਸਾਲ 2013 ਵਿੱਚ ਹੋਈ ਸੀ, ਦੀ ਮੌਜੂਦਾ ਹਾਲਤ ਬਹੁਤ ਖਰਾਬ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਰੋਡ ਨੂੰ ਕਦੋਂ ਤੱਕ ਬਣਾ ਦਿੱਤਾ ਜਾਵੇਗਾ?

**ਡਾ. ਬੀ.ਆਰ.ਅੰਬੇਦਕਰ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼, ਐਸ.ਏ.ਐਸ. ਨਗਰ ਲਈ ਨਵੀਂ ਇਮਾਰਤ ਬਣਾਉਣਾ**

***1544(ਸੀ.ਯੂ.) ਸ. ਕੁਲਵੰਤ ਸਿੰਘ:-**

ਕੀ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਐਸ.ਏ.ਐਸ. ਨਗਰ ਵਿੱਖੇ ਸਥਿੱਤ ਡਾ. ਬੀ.ਆਰ.ਅੰਬੇਦਕਰ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ ਲਈ ਸ਼ਹਿਰ ਦੇ ਸੈਕਟਰ 81 ਵਿੱਖੇ ਨਵੀਂ ਇਮਾਰਤ ਬਣਾਉਣ ਦਾ ਕੰਮ ਕਦੋਂ ਤੱਕ ਸ਼ੁਰੂ ਕਰਕੇ ਕਦੋਂ ਤੱਕ ਪੂਰਾ ਕਰ ਕੇ ਸ਼ਹਿਰ ਦੇ ਫ਼ੇਜ਼ 6 ਵਿੱਖੇ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਦਫ਼ਤਰ ਦੀ ਇਮਾਰਤ ਵਿੱਚ ਆਰਜ਼ੀ ਤੌਰ ਤੇ ਚਲ ਰਹੇ ਕਾਲਜ ਨੂੰ ਇਥੇ ਤਬਦੀਲ ਕਰ ਦਿੱਤਾ ਜਾਵੇਗਾ?

**ਹਲਕਾ ਨਾਭਾ ਵਿੱਚ ਪੈਂਦੀਆਂ ਵੱਖ-ਵੱਖ ਅਨਾਜ ਮੰਡੀਆਂ ਵਿੱਚ ਸ਼ੈਡ, ਫਰਸ਼ ਆਦਿ ਦਾ ਪ੍ਰਬੰਧ ਕਰਨਾ**

***1545(ਸੀ.ਯੂ.) ਸ. ਗੁਰਦੇਵ ਸਿੰਘ ਦੇਵ ਮਾਨ:-**

ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਨਾਭਾ ਵਿੱਚ ਪੈਂਦੀਆ ਵੱਖ-ਵੱਖ ਅਨਾਜ ਮੰਡੀਆ ਅਤੇ ਖ੍ਰੀਦ ਕੇਂਦਰਾਂ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਹਨਾਂ ਵਿੱਚ ਸ਼ੈਡ, ਫਰਸ਼, ਚਾਰਦੁਆਰੀ ਅਤੇ ਕਿਸਾਨਾਂ ਦੇ ਰਹਿਣ ਦਾ ਪ੍ਰਬੰਧ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਨਾਭਾ ਸ਼ਹਿਰ ਵਿੱਚ ਸੀਵਰੇਜ ਦਾ ਕੰਮ ਮੁਕੰਮਲ ਕਰਨਾ**

***1547(ਸੀ.ਯੂ.) ਸ. ਗੁਰਦੇਵ ਸਿੰਘ ਦੇਵ ਮਾਨ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨਾਭਾ ਸ਼ਹਿਰ ਵਿੱਚ ਸੀਵਰੇਜ ਦੀ ਉਣਹੋਂਦ ਕਾਰਨ ਲੋਕਾਂ ਨੂੰ ਬਰਸਾਤਾਂ ਵਿੱਚ ਬਹੁਤ ਮੁਸ਼ਕਲ ਹੁੰਦੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਨਾਭਾ ਸ਼ਹਿਰ ਵਿੱਚ ਮੁਕੰਮਲ ਸੀਵਰੇਜ ਪਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ;ਜੇਕਰ ਹੈ ਤਾਂ ਕਦੋਂ ਤੱਕ?

**ਰਾਜ ਅੰਦਰ ਪੰਚਾਇਤੀ ਅਤੇ ਸ਼ਾਮਲਾਤ ਜ਼ਮੀਨ ਦੇ ਵੇਰਵੇ**

***1548(ਸੀ.ਯੂ.) ਸ. ਗੁਰਦੇਵ ਸਿੰਘ ਦੇਵ ਮਾਨ:-**

ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸੂਬੇ ਅੰਦਰ ਪੰਚਾਇਤੀ ਅਤੇ ਸ਼ਾਮਲਾਤ ਦੀ ਕੁੱਲ ਕਿੰਨੀ ਜ਼ਮੀਨ ਹੈ; ਉਸ ਜ਼ਮੀਨ ਵਿੱਚੋਂ ਕਿੰਨੇ ਪ੍ਰਤੀਸ਼ਤ ਜ਼ਮੀਨ ਸਹੀ ਕੰਮ ਲਈ ਵਰਤੀ ਜਾ ਰਹੀ ਹੈ ਅਤੇ ਕਿੰਨੀ ਜ਼ਮੀਨ ਉੱਪਰ ਨਾਜਾਇਜ਼ ਕਬਜ਼ਾ ਹੈ?

**ਹਲਕਾ ਨਾਭਾ ਵਿਖੇ ਪੁਰਾਣੀਆਂ ਮਿਆਦ ਲੰਘੀਆਂ ਸਰਕਾਰੀ ਇਮਾਰਤਾਂ ਦਾ ਪੁਨਰ ਨਿਰਮਾਣ ਕਰਨਾ**

***1549(ਸੀ.ਯੂ.) ਸ. ਗੁਰਦੇਵ ਸਿੰਘ ਦੇਵ ਮਾਨ:-**

ਕੀ ਲੋਕ ਨਿਰਮਾਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਨਾਭਾ ਵਿੱਚ ਪੁਰਾਣੀਆਂ ਮਿਆਦ ਲੰਘੀਆਂ ਸਰਕਾਰੀ ਇਮਾਰਤਾਂ ਜਿਵੇਂ ਕਿ CDPO ਦਫ਼ਤਰ ਨਾਭਾ ਦਾ ਪੁਨਰ ਨਿਰਮਾਣ ਕਰਨ ਸੰਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**R.D.F. ਦਾ ਪੈਸਾ ਪੰਜਾਬ ਨੂੰ ਦਿਵਾਉਣਾ**

***1551(ਸੀ.ਯੂ.) ਸ. ਗੁਰਦੇਵ ਸਿੰਘ ਦੇਵ ਮਾਨ:-**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਦਾ R.D.F. ਕੇਂਦਰ ਸਰਕਾਰ ਨੇ ਰੋਕ ਰੱਖਿਆ ਹੈ ਜਿਸ ਕਾਰਨ ਪਿੰਡਾਂ ਦਾ ਵਿਕਾਸ ਵੀ ਰੁਕਿਆ ਹੈ ਅਤੇ ਪੇਂਡੂ ਸੜਕਾਂ ਦੀ ਹਾਲਾਤ ਵੀ ਕਾਫ਼ੀ ਖਰਾਬ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਵੱਲੋਂ R.D.F. ਦਾ ਪੈਸਾ ਪੰਜਾਬ ਨੂੰ ਦਿਵਾਉਣ ਲਈ ਕੀ ਕਦਮ ਚੁੱਕੇ ਜਾ ਰਹੇ ਹਨ ਅਤੇ ਇਹ ਪੈਸਾ ਕਦੋਂ ਤੱਕ ਮਿਲਣ ਦੀ ਸੰਭਾਵਨਾ ਹੈ?

**ਨਾਭਾ ਵਿੱਖੇ ਇੰਡਸਟਰੀ ਨੂੰ ਪ੍ਰਫੁੱਲਿਤ ਕਰਨਾ**

***1552(ਸੀ.ਯੂ.) ਸ. ਗੁਰਦੇਵ ਸਿੰਘ ਦੇਵ ਮਾਨ:-**

ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨਾਭਾ ਵਿੱਚ ਏਸ਼ੀਆ ਦੀ ਸਭ ਤੋਂ ਵੱਡੀ ਕੰਬਾਈਨ ਟ੍ਰੈਕਟਰ ਅਤੇ ਐਗਰੋ ਇੰਡਸਟਰੀ ਹੈ ਜਿਸ ਤੋਂ ਸਰਕਾਰ ਨੂੰ ਕਾਫ਼ੀ G.S.T. ਇਕੱਠਾ ਹੁੰਦਾ ਹੈ ਅਤੇ ਲੋਕਾਂ ਨੂੰ ਰੋਜ਼ਗਾਰ ਮਿਲਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਨਾਭਾ ਦੀ ਇਸ ਇੰਡਸਟਰੀ ਨੂੰ ਪ੍ਰਫੁੱਲਿਤ ਕਰਨ ਲਈ ਕੋਈ ਪਾਲਿਸੀ ਬਣਾ ਰਹੀ ਹੈ?

**ਪਟਿਆਲਾ-ਨਾਭਾ-ਮਲੇਰਕੋਟਲਾ ਰੋਡ ਨੂੰ ਫੋਰ ਲੈਣ ਕਰਨਾ**

***1555(ਸੀ.ਯੂ.) ਸ. ਗੁਰਦੇਵ ਸਿੰਘ ਦੇਵ ਮਾਨ:-**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਟਿਆਲਾ-ਨਾਭਾ-ਮਲੇਰਕੋਟਲਾ ਰੋਡ ਕਾਫ਼ੀ ਟ੍ਰੈਫ਼ਿਕ ਵਾਲੀ ਸੜਕ ਹੈ, ਪਰ ਇਸ ਦੀ ਚੌੜਾਈ ਘੱਟ ਹੋਣ ਕਾਰਨ ਇਸ ਤੇ ਰੋਜ਼ਾਨਾ ਹਾਦਸੇ ਹੁੰਦੇ ਹਨ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਫੋਰ ਲੈਣ ਕਰਨ ਅਤੇ ਦਿੱਲੀ ਕਟੜਾ ਏਕਸਪ੍ਰੇਸ ਨਾਲ ਜੋੜਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਜੰਗਲੀ ਜਾਨਵਰਾਂ ਦੀ ਬਹੁ-ਗਿਣਤੀ ਹੋਣ ਕਰਕੇ ਫਸਲਾਂ ਦਾ ਨੁਕਸਾਨ**

***1556(ਸੀ.ਯੂ.) ਸ. ਕਰਮਬੀਰ ਸਿੰਘ:-**

ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਦਸੂਹਾ ਹਲਕੇ ਦਾ ਜਿਆਦਾਤਰ ਏਰੀਆ ਕੰਡੀ ਏਰੀਆ ਹੈ ਇਸ ਕੰਡੀ ਏਰੀਏ ਦਾ ਜਿਆਦਾਤਰ ਏਰੀਆ ਜੰਗਲਾਤ ਦਾ ਹੈ ਅਤੇ ਬਹੁਤ ਜਿਆਦਾ ਗਿਣਤੀ ਵਿੱਚ ਦਰੱਖਤ ਹਨ ਅਤੇ ਕੁੱਝ ਏਰੀਏ ਚ ਛੋਟੀ ਖੇਤੀ ਕਰਦੇ ਹਨ, ਪਰ ਅਵਾਰਾ ਪਸ਼ੂਆਂ ਅਤੇ ਜੰਗਲੀ ਜਾਨਵਰਾਂ ਦੀ ਬਹੁ ਗਿਣਤੀ ਹੋਣ ਕਰਕੇ

ਕੋਈ ਵੀ ਫਸਲ ਨਹੀਂ ਹੋ ਰਹੀ ਅਤੇ ਜੰਗਲੀ ਜੀਵ ਜਿਵੇਂ ਬਾਂਦਰ, ਸੂਰ, ਸਾਂਭਰ ਅਤੇ ਹੋਰ ਫਸਲਾਂ ਨੂੰ ਖਤਮ ਕਰਦੇ ਹਨ; ਕੀ ਸਰਕਾਰ ਵੱਲੋਂ ਇਹਨਾਂ ਨੂੰ ਰੋਕਣ ਲਈ ਕੋਈ ਤਜਵੀਜ਼ ਹੈ ਜਿਸ ਨਾਲ ਫਸਲਾਂ ਦੇ ਨੁਕਸਾਨ ਦਾ ਬਚਾਅ ਹੋ ਸਕੇ ?

**ਜਲੰਧਰ ਵਿੱਖੇ ਆਈ.ਪੀ.ਸੀ ਐਕਟ ਅਧੀਨ ਦਰਜ ਕੀਤੀਆਂ ਐਫ.ਆਈ.ਆਰਾਂ ਦੇ ਵੇਰਵੇ**

***1560(ਸੀ.ਯੂ.) ਸ੍ਰੀ. ਅਵਤਾਰ ਸਿੰਘ ਜੂਨੀਅਰ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਆਈ.ਪੀ.ਸੀ ਐਕਟ ਧਾਰਾ 375, ਧਾਰਾ 509(B) ਅਤੇ ਧਾਰਾ 509 (C) ਅਧੀਨ ਜਨਵਰੀ, 2024 ਤੋਂ 31 ਦਸੰਬਰ, 2024 ਦੇ ਸਮੇਂ ਦੌਰਾਨ ਜਲੰਧਰ ਕਮਿਸ਼ਨਰੇਟ ਦੇ ਅਧਿਕਾਰ ਖੇਤਰ ਅਧੀਨ ਵੱਖ-ਵੱਖ ਪੁਲਿਸ ਡਵੀਜ਼ਨਾਂ/ਥਾਣਿਆਂ ਵਿੱਚ ਕਿੰਨੀਆਂ ਐਫ.ਆਈ.ਆਰ ਦਰਜ਼ ਕੀਤੀਆਂ ਗਈਆਂ ਹਨ;

(ਅ) ਉਪਰੋਕਤ ਸਮੇਂ ਦੌਰਾਨ ਪੰਜਾਬ ਵਿੱਚ ਰਹਿ ਰਹੇ ਜਿਨਸੀ ਅਪਰਾਧੀਆਂ ਬਾਰੇ ਰਾਸ਼ਟਰੀ ਡਾਟਾਬੇਸ (NDSO) ਤੇ ਦਰਜ ਜਿਨਸੀ ਅਪਰਾਧੀਆਂ ਦੀ ਗਿਣਤੀ ਕਿੰਨੀ ਹੈ, ਜਿਹੜੇ ਕਿ ਜਿਨਸੀ ਅਪਰਾਧਾਂ ਜਿਵੇਂ ਕਿ ਬਲਤਕਾਰ, ਗੈਂਗਰੇਪ, ਛੇੜ-ਛਾੜ, ਪਿੱਛਾ ਕਰਨਾ, ਬੱਚਿਆਂ ਦਾ ਸੋਸ਼ਣ ਆਦਿ ਵਿੱਚ ਸ਼ਾਮਲ ਹਨ; ਅਤੇ

(ੲ) ਉਪਰੋਕਤ ਸਮੇਂ ਦੌਰਾਨ ਜਬਰ-ਜਨਾਹ ਦੇ ਸਬੂਤ ਇਕੱਠੇ ਕਰਨ ਵਾਲੀਆਂ ਕਿੰਨੀਆਂ ਕਿੱਟਾਂ (SAEC) ਖਰੀਦੀਆਂ ਗਈਆਂ ਅਤੇ ਕਿੰਨੀਆਂ ਕਿੱਟਾਂ ਜਬਰ-ਜਨਾਹ ਦੇ ਕੇਸਾਂ ਵਿੱਚ ਸਬੂਤ ਇਕੱਠੇ ਕਰਨ ਲਈ ਵਰਤੀਆਂ ਗਈਆਂ ?

**ਜਲੰਧਰ ਵਿੱਚ ਸਮਾਰਟ ਸਿਟੀ ਪ੍ਰੋਜੈਕਟਾਂ ਅਧੀਨ ਵੱਖ-ਵੱਖ ਪ੍ਰੋਜੈਕਟਾਂ ਦਾ ਸਟੇਟਸ**

***1561(ਸੀ.ਯੂ.) ਸ੍ਰੀ. ਅਵਤਾਰ ਸਿੰਘ ਜੂਨੀਅਰ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਜਲੰਧਰ ਵਿੱਚ ਸਮਾਰਟ ਸਿਟੀ ਪ੍ਰੋਜੈਕਟਾਂ ਅਧੀਨ ਵੱਖ-ਵੱਖ ਪ੍ਰੋਜੈਕਟਾਂ ਜਿਵੇਂ ਕੀ ਬਰਟਨ ਪਾਰਕ ਵਿਖੇ ਸਪੋਰਟਸ ਹੱਬ ਪ੍ਰੋਜੈਕਟ, ਵਾਰੀਆਨਾ ਡੰਪ ਵਿਖੇ ਬਾਇਓ ਮਾਈਨਿੰਗ ਪ੍ਰੋਜੈਕਟ, ਸ਼ਹਿਰ ਨੂੰ ਸਾਫ ਪੀਣ ਵਾਲਾ ਪਾਣੀ ਮੁੱਹਈਆ ਕਰਵਾਉਣ ਸਬੰਧੀ ਸਰਫੇਸ ਵਾਟਰ ਪ੍ਰੋਜੈਕਟ, ਪਾਰਕ ਵਿਕਾਸ (ਫੇਜ਼-I), ਪਾਰਕ ਵਿਕਾਸ (ਫੇਜ਼-II), ਸੜਕਾਂ ਦੀ ਸਫਾਈ, ਮਸ਼ੀਨੀਕਰਨ, ਅਰਧ-ਮਸ਼ੀਨੀਕਰਨ ਪ੍ਰਣਾਲੀ ਅਤੇ ਜਮਸ਼ੇਦ ਡੇਅਰੀ ਕੰਪਲੈਕਸ ਵਿਖੇ ਬਾਇਓ-ਗੈਸ ਪਲਾਂਟ ਦੀ ਮੌਜੂੂਦਾ ਸਥਿਤੀ ਕੀ ਹੈ;

(ਅ) ਜਲੰਧਰ ਉੱਤਰੀ ਹਲਕੇ ਵਿੱਚ ਨਵੀਂ ਜਾਂ ਪੁਨਰ ਸਥਾਪਿਤ ਸ਼੍ਰੇਣੀ ਅਧੀਨ ਲਗਾਏ ਜਾਣ ਵਾਲੇ ਨਵੇਂ ਟਿਊਬਵੈੱਲਾਂ ਦੀ ਗਿਣਤੀ ਅਤੇ ਮੌਜੂਦਾ ਸਥਿਤੀ ਕੀ ਹੈ; ਅਤੇ

(ੲ) ਜਲੰਧਰ ਵਿੱਚ ਆਰ.ਸੀ.ਸੀ ਕਲੈਕਸ਼ਨ ਟੈਂਕ ਕਮ ਸਕ੍ਰੀਨਿੰਗ ਚੈਂਬਰ, ਪੰਪ ਚੈਂਬਰ, ਯੂ.ਪੀ.ਵੀ.ਸੀ ਪਾਈਪ ਆਦਿ ਮਕਾਨ ਰਿਹਾਇਸ਼ ਨੰ. 46 ਮਿਤੀ 08.06.2022 ਦੇ ਨਿਰਮਾਣ ਦੀ ਸਥਿਤੀ ਕੀ ਹੈ; ਵੇਰਵੇ ਸਹਿਤ ਦੱਸਿਆ ਜਾਵੇ ?

**ਫਰੀਦਕੋਟ ਵਿਖੇ ਨਹਿਰੂ ਸ਼ਾਪਿੰਗ ਸੈਂਟਰ ਨੂੰ ਅੱਪਗ੍ਰੇਡ ਕਰਨਾ**

***1563(ਸੀ.ਯੂ.) ਸ. ਗੁਰਦਿੱਤ ਸਿੰਘ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਕੀ ਇਹ ਠੀਕ ਹੈ ਕਿ ਫਰੀਦਕੋਟ ਵਿੱਚ 23 ਅਪ੍ਰੈਲ 1976 ਤੋਂ ਚੱਲ ਰਹੇ ਨਹਿਰੂ ਸ਼ਾਪਿੰਗ ਸੈਂਟਰ ਵਿੱਚ ਲਗਭਗ 90 ਦੁਕਾਨਦਾਰ ਹਨ ਜਿਹਨਾਂ ਕੋਲ ਅਪਣੀ ਦੁਕਾਨ ਮਾਲਕੀ ਦੀ ਰਜਿਸਟਰੀਆਂ ਹੋਣ ਦੇ ਬਾਵਜੂਦ ਵੀ ਪੂਰਨ ਮਾਲਕਾਨਾ ਹੱਕ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਹਨਾਂ ਦੁਕਾਨਦਾਰਾਂ ਨੂੰ ਪੂਰਨ ਮਾਲਕਾਨਾ ਹੱਕ ਦੇਵੇਗੀ ਜਿਸ ਨਾਲ ਉਹ ਦੁਕਾਨਾਂ ਦੀ ਰੈਨੋਵੇਸ਼ਨ/ਅੱਪਗ੍ਰੇਡੇਸ਼ਨ ਕਰਵਾ ਸਕਣ ?

**ਅਬੋਹਰ ਵਿੱਖੇ ਮਿੰਨੀ ਸਕੱਤਰੇਤ ਦਾ ਸਟੇਟਸ**

***1568(ਸੀ.ਯੂ.) ਸ਼੍ਰੀ ਸੰਦੀਪ ਜਾਖੜ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਬੋਹਰ ਵਿੱਚ ਆਭਾ ਸਕਵੇਅਰ ਵਿੱਚ ਬਣਾਏ ਜਾ ਰਹੇ ਮਿੰਨੀ ਸਕੱਤਰੇਤ ਦਾ ਸਟੇਟਸ ਕੀ ਹੈ ?

**ਭਗਤ ਰਵਿਦਾਸ ਮਹਾਰਾਜ ਜੀ ਦੀ ਬਾਣੀ ਦੇ ਅਧਿਐਨ ਲਈ ਅਧਿਐਨ ਕੇਂਦਰ ਬਣਾਉਣਾ**

***1570(ਸੀ.ਯੂ.) ਸ. ਮਨਵਿੰਦਰ ਸਿੰਘ ਗਿਆਸਪੁਰਾ:-**

ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਚਖੰਡ ਬੱਲਾਂ ਵਿਖੇ ਭਗਤ ਰਵਿਦਾਸ ਮਹਾਰਾਜ ਜੀ ਦੀ ਬਾਣੀ ਦੇ ਅਧਿਐਨ ਲਈ ਅਧਿਐਨ ਕੇਂਦਰ ਬਣਾਉਣ ਲਈ 25 ਕਰੋੜ ਦੀ ਗਰਾਂਟ ਜਾਰੀ ਕੀਤੀ ਗਈ ਹੈ, ਜੇਕਰ ਅਜਿਹਾ ਹੈ ਤਾਂ ਉਪਰੋਕਤ ਕੰਮ ਕਿੰਨਾ ਹੋ ਚੁੱਕਾ ਹੈ; ਜੇਕਰ ਨਹੀਂ ਤਾਂ ਇਹ ਕੇਂਦਰ ਕਦੋਂ ਤੱਕ ਬਣ ਕੇ ਤਿਆਰ ਹੋ ਜਾਵੇਗਾ?

**ਨਵਾਂ ਸ਼ਹਿਰ ਸਹਿਕਾਰੀ ਸੂਗਰ ਮਿੱਲ ਦੀ ਸਮਰੱਥਾ ਵਧਾਉਣਾ**

***1571(ਸੀ.ਯੂ.) ਡਾ. ਨਛੱਤਰ ਪਾਲ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ:-

ੳ) ਕੀ ਨਵਾਂ ਸ਼ਹਿਰ ਸਹਿਕਾਰੀ ਸ਼ੂਗਰ ਮਿੱਲ ਕਦੋਂ ਬਣੀ ਸੀ, ਉਸ ਵੇਲੇ ਇਸ ਮਿੱਲ ਦੀ ਪ੍ਰਤੀ ਦਿਨ ਕਿੰਨੇ ਟਨ ਗੰਨੇ ਦੀ ਪੜਾਈ ਦੀ ਸਮਰੱਥਾ ਸੀ ਅਤੇ ਇਸ ਵੇਲੇ ਇਸ ਮਿੱਲ ਦੀ ਸਮਰੱਥਾ ਕਿੰਨੀ ਹੈ;

ਅ) ਸਰਕਾਰ ਮੌਜੂਦਾ ਸਮੇਂ ਗੰਨੇ ਦੀ ਪੈਦਾਵਾਰ ਵਧਣ ਕਾਰਨ ਗੰਨਾਂ ਕਾਸ਼ਤਕਾਰਾਂ ਦੀ ਸਹੂਲਤ ਲਈ ਇਸ ਮਿੱਲ ਦੀ ਸਮਰੱਥਾ ਨੂੰ ਵਧਾਉਣ ਦੀ ਕਿਸੇ ਤਜਵੀਜ਼ ਤੇ ਵਿਚਾਰ ਕਰ ਰਹੀ ਹੈ; ਜੇਕਰ ਹੈ ਤਾਂ ਕਦੋਂ ਤੱਕ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ ?

**ਸਾਲ 2022 ਤੋਂ ਨਵਾਂ ਸ਼ਹਿਰ ਸਹਿਕਾਰੀ ਸ਼ੂਗਰ ਮਿੱਲ ਵੱਲੋਂ ਕੀਤੀ ਗਈ ਪੀੜਾਈ ਦੇ ਵੇਰਵੇ**

***1572(ਸੀ.ਯੂ.) ਡਾ. ਨਛੱਤਰ ਪਾਲ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਨਵਾਂ ਸ਼ਹਿਰ ਸਹਿਕਾਰੀ ਸ਼ੂਗਰ ਮਿਲ ਵੱਲੋਂ ਸਾਲ 2022 ਤੋਂ ਹੁਣ ਤੱਕ ਕਿੰਨੇ ਗੰਨੇ ਦੀ ਪੀੜਾਈ ਕੀਤੀ ਗਈ ਹੈ ਅਤੇ ਮਿੱਲ ਦੀ ਮੈਂਟੀਨੈਂਸ ਤੇ ਇੰਫ਼ਰਾਸਟੱਕਚਰ ਤੇ ਕਿੰਨਾਂ ਫੰਡ ਖਰਚ ਕੀਤਾ ਗਿਆ ਹੈ ਅਤੇ ਪੀੜਾਈ ਦੇ ਚਲਦੇ ਸੀਜਨ ਦੌਰਾਨ ਮਿੱਲ ਕਿੰਨੇ ਸਮੇਂ ਬੰਦ ਰਹੀ ਹੈ; ਮਿੱਲ ਬੰਦ ਹੋਣ ਦੇ ਕੀ ਕਾਰਨ ਸਨ; ਸਾਲਵਾਰ ਵੇਰਵੇ ਸਹਿਤ ਦੱਸਿਆ ਜਾਵੇ ?

**ਸੀ.ਐਸ.ਆਰ. ਕੁਲੈਕਸ਼ਨ ਦੇ ਵੇਰਵੇ**

***1574(ਸੀ.ਯੂ.) ਸ. ਗੁਰਦੇਵ ਸਿੰਘ ਦੇਵ ਮਾਨ, ਸ. ਅਜੀਤਪਾਲ ਸਿੰਘ ਕੋਹਲੀ:-**

ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਰਾਜ ਅੰਦਰ ਅਤੇ ਵਿਸ਼ੇਸ਼ ਕਰਕੇ ਪਟਿਆਲਾ ਸ਼ਹਿਰ ਵਿੱਚ ਪਿਛਲੇ ਤਿੰਨ ਸਾਲਾਂ ਦੌਰਾਨ ਕਾਰਪੋਰੇਟ ਸ਼ੋਸ਼ਲ ਰਿਸਪੌਂਸੀਬਿਲਟੀ ਕੁਲੈਕਸ਼ਨ ਕਿੰਨੀ ਹੋਈ ਹੈ ਅਤੇ ਇਸ ਰਾਸ਼ੀ ਦੀ ਵਰਤੋਂ ਕਿਹੜੀ-ਕਿਹੜੀ ਜਗ੍ਹਾ ਤੇ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ ?

**ਫਾਜਿਲਕਾ ਵਿਖੇ ਉਦਯੋਗ ਨੂੰ ਪ੍ਰਫ਼ੱਲਿਤ ਕਰਨਾ**

***1577(ਸੀ.ਯੂ.) ਸ. ਨਰਿੰਦਰਪਾਲ ਸਿੰਘ ਸਵਨਾ:-**

ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਹੱਦੀ ਇਲਾਕੇ ਖਾਸ ਕਰ ਫਾਜਿਲਕਾ ਦੇ ਵੱਡੇ ਖੇਤਰ ਵਿੱਚ ਸੇਮ ਦਾ ਪਾਣੀ ਆਉਣ ਕਾਰਨ ਖੇਤੀ ਸੰਭਵ ਨਹੀਂ ਹੈ, ਪਰ ਜੇਕਰ ਰਾਜ ਸਰਕਾਰ ਕੇਂਦਰ ਸਰਕਾਰ ਕੋਲੋਂ ਟੈਕਸ ਹੋਲੀਡੇ ਦਾ ਲਾਭ ਲਵੇ ਤਾਂ ਇਸ ਇਲਾਕੇ ਵਿਚ ਉਦਯੋਗ ਨੂੰ ਪ੍ਰਫ਼ੁੱਲਿਤ ਕੀਤਾ ਜਾ ਸਕਦਾ ਹੈ;

ਜੇਕਰ ਅਜਿਹਾ ਹੈ ਤਾਂ ਕੀ ਇਸ ਇਲਾਕੇ ਲਈ ਨਵੇਂ ਉਦਯੋਗ ਨੂੰ ਪੂਰਾ ਜਾਂ ਆਂਸ਼ਿਕ GST ਰੀਫੰਡ ਜਾਂ ਉਦਯੋਗ ਸਥਾਪਿਤ ਕਰਨ ਲਈ ਸਬਸਿਡੀ ਜਮੀਨ ਅਤੇ ਬੁਨਿਆਦੀ ਢਾਂਚਾ ਜਾਂ ਕੋਈ ਬਿਜਲੀ ਕਰ ਛੋਟ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਸਮਾਰਟ ਰਾਸ਼ਨ ਕਾਰਡਾਂ ਦੇ ਤਹਿਤ ਆਉਂਦੇ ਲਾਭਪਾਤਰੀਆਂ ਦੇ ਵੇਰਵੇ**

***1583(ਸੀ.ਯੂ.) ਡਾ. ਇਸ਼ਾਂਕ ਕੁਮਾਰ:-**

ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਮਾਰਟ ਰਾਸ਼ਨ ਕਾਰਡਾਂ ਦੇ ਤਹਿਤ ਲਾਭਪਾਤਰੀਆਂ ਦੀ ਕੁੱਲ ਗਿਣਤੀ ਕਿੰਨੀ ਹੈ;

ਅ) ਸਾਲ 2022 ਤੋਂ ਹੁਣ ਤੱਕ ਚੱਬੇਵਾਲ ਹਲਕੇ ਵਿੱਚ ਜਾਰੀ ਕੀਤੇ ਗਏ ਸਮਾਰਟ ਰਾਸ਼ਨ ਕਾਰਡਾਂ ਦੀ ਗਿਣਤੀ ਕਿੰਨੀ ਹੈ;

ੲ) ਲੋੜਵੰਦਾਂ ਲਈ ਨਵੇਂ ਸਮਾਰਟ ਕਾਰਡ ਜਾਰੀ ਕਰਨ ਦੀ ਸਹੀ ਸਮਾਂ-ਸੀਮਾ ਕੀ ਹੈ?

**ਰੋਪੜ ਦੇ ਪਿੰਡਾਂ ਵਿੱਚ ਨਵੇਂ ਟਿਊਬਵੈੱਲ ਲਗਾਉਣਾ**

***1585(ਸੀ.ਯੂ.) ਸ੍ਰੀ ਦਿਨੇਸ਼ ਕੁਮਾਰ ਚੱਢਾ:-**

ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰੋਪੜ ਹਲਕੇ ਦੇ ਕਿਹੜੇ-ਕਿਹੜੇ ਪਿੰਡਾਂ ਵਿੱਚ ਪੀਣ ਵਾਲੇ ਪਾਣੀ ਲਈ ਨਵੇਂ ਟਿਊਬਵੈੱਲਾਂ ਜਾਂ ਸਕੀਮਾਂ ਦੀ ਜਰੂਰਤ ਹੈ; ਇਸ ਲੋੜ ਨੂੰ ਪੂਰਾ ਕਰਨ ਲਈ ਭੇਜੇ ਗਏ ਐਸਟੀਮੇਟਾਂ ਦਾ ਕੀ ਸਟੇਟਸ ਹੈ ?

**ਕਿਰਤ ਕਨੂੰਨਾਂ ਤਹਿਤ ਫੈਕਟਰੀਆਂ ਦੀ ਇੰਸਪੈਕਸ਼ਨ ਕਰਨਾ**

***1586(ਸੀ.ਯੂ.) ਸ੍ਰੀ ਦਿਨੇਸ਼ ਕੁਮਾਰ ਚੱਢਾ:-**

ਕੀ ਕਿਰਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕਿਰਤ ਕਾਨੂੰਨਾਂ ਤਹਿਤ ਕਿੰਨੇ ਸਮੇਂ ਤੱਕ ਫੈਕਟਰੀਆਂ ਦਾ ਨਿਰੀਖਣ ਕਰਨ ਦੀ ਜ਼ਰੂਰਤ ਹੈ ਅਤੇ ਪਿਛਲੇ 10 ਸਾਲਾਂ ਵਿੱਚ ਰੋਪੜ ਅਤੇ ਨਵਾਂ ਸ਼ਹਿਰ ਜ਼ਿਲ੍ਹਿਆਂ ਦੀਆਂ ਫੈਕਟਰੀਆਂ ਦਾ ਉਪਰੋਕਤ ਨਿਰੀਖਣ ਕਦੋਂ ਹੋਇਆ ਹੈ; ਨਿਰੀਖਣ ਤੋਂ ਬਾਅਦ ਮਿਲੀਆਂ ਕਮੀਆਂ ਬਾਰੇ ਕੀ ਕਾਰਵਾਈ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਰੋਪੜ ਦੇ ਪਿੰਡਾਂ ਵਿੱਚ ਗਰਾਉਂਡ ਸਟੇਡੀਅਮ ਬਣਾਉਣ ਦੇ ਵੇਰਵੇ**

***1587(ਸੀ.ਯੂ.) ਸ੍ਰੀ ਦਿਨੇਸ਼ ਕੁਮਾਰ ਚੱਢਾ:-**

ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) 1 ਅਪ੍ਰੈਲ 2022 ਤੋਂ ਹੁਣ ਤੱਕ ਰੋਪੜ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਕੁੱਲ ਕਿੰਨ੍ਹੇ ਗਰਾਉਂਡ ਸਟੇਡੀਅਮ ਬਣਾਉਣੇ ਸ਼ੁਰੂ ਕੀਤੇ ਗਏ ਸਨ; ਇਨ੍ਹਾਂ ਵਿੱਚੋਂ ਕਿੰਨੇ ਮੁਕੰਮਲ ਹੋ ਚੁੱਕੇ ਹਨ, ਕਿੰਨਿਆਂ ਦਾ ਕੰਮ ਹਾਲੇ ਚੱਲ ਰਿਹਾ ਹੈ ਅਤੇ ਕਿੰਨੇ ਅਜਿਹੇ ਹਨ ਜਿਨ੍ਹਾਂ ਦੇ ਐਸਟੀਮੇਟ ਪਾਸ ਹੋ ਚੁੱਕੇ ਹਨ ਪਰ ਹਾਲੇ ਕੰਮ ਸ਼ੁਰੂ ਨਹੀਂ ਹੋਇਆ;

ਅ) ਜਿਨ੍ਹਾਂ ਪਿੰਡਾਂ ਕੋਲ ਗਰਾਉਂਡ ਸਟੇਡੀਅਮ ਬਣਾਉਣ ਲਈ ਆਪਣੀ ਜਮੀਨ ਉਪਲਬਧ ਨਹੀਂ ਹੈ ਪਰ ਉਨ੍ਹਾਂ ਪਿੰਡਾਂ ਚ ਇਸ ਮੰਤਵ ਲਈ ਨਹਿਰੀ ਵਿਭਾਗ, ਜੰਗਲਾਤ ਵਿਭਾਗ ਆਦਿ ਦੀ ਜਮੀਨ ਉਪਲਬਧ ਹੈ, ਉਨ੍ਹਾਂ ਪਿੰਡਾਂ ਵਿੱਚ ਗਰਾਉਂਡ ਬਣਾਉਣ ਲਈ ਕੀ ਪਾਲਿਸੀ ਹੈ ?

**ਠੇਕਾ ਅਧਾਰਿਤ ਕਾਮਿਆਂ ਨੂੰ ਪੱਕਾ ਕਰਨਾ**

***1591(ਸੀ.ਯੂ.) ਸ. ਜਗਰੂਪ ਸਿੰਘ ਗਿੱਲ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕੀ ਪੰਜਾਬ ਦੇ ਵੱਖ-ਵੱਖ ਵਿਭਾਗਾਂ ਵਿੱਚ ਕੰਮ ਕਰ ਰਹੇ ਠੇਕਾ ਅਧਾਰਿਤ ਅਤੇ ਕੱਚੇ ਕਾਮਿਆਂ ਨੂੰ ਪੱਕਾ ਕਰਨ ਦੀ ਕੋਈ ਪਾਲਿਸੀ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਕੱਚੇ ਸਫਾਈ ਜਾਂ ਠੇਕੇ ਅਧਾਰਿਤ ਕਰਮਚਾਰੀਆਂ ਨੂੰ ਪੱਕਾ ਕਰਨਾ**

***1592(ਸੀ.ਯੂ.) ਸ. ਜਗਰੂਪ ਸਿੰਘ ਗਿੱਲ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੰਜਾਬ ਦੀਆਂ ਸਾਰੀਆਂ ਸਥਾਨਕ ਸੰਸਥਾਵਾਂ ਚ ਕਿੰਨੇ ਕੱਚੇ ਅਤੇ ਠੇਕੇ ਅਧਾਰਿਤ ਕਰਮਚਾਰੀ ਕੰਮ ਕਰਦੇ ਹਨ';

ਅ) ਨਗਰ ਕਮੇਟੀ/ਨਗਰ ਪੰਚਾਇਤਾਂ/ਨਗਰ ਸੁਧਾਰ ਟਰੱਸਟ ਦੇ ਵਿੱਚ ਕੱਚੇ ਸਫਾਈ ਜਾਂ ਠੇਕੇ ਅਧਾਰਿਤ ਕਰਮਚਾਰੀਆਂ ਨੂੰ ਪੱਕਾ ਕਰਨ ਜਾਂ ਉਹਨਾਂ ਦੀ ਤਨਖਾਹਾਂ ਵਿੱਚ ਵਾਧਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਹਲਕਾ ਖਡੂਰ ਸਾਹਿਬ ਜਾਂ ਤਰਨ ਤਾਰਨ ਵਿਖੇ ਭਾਸ਼ਾ ਵਿਭਾਗ ਦੇ ਦਫਤਰ ਦੀ ਸਥਾਪਨਾ ਕਰਨਾ**

***1593(ਸੀ.ਯੂ.) ਸ. ਮਨਜਿੰਦਰ ਸਿੰਘ ਲਾਲਪੁਰਾ:-**

ਕੀ ਉੱਚੇਰੀ ਸਿੱਖਿਆ ਅਤੇ ਭਾਸ਼ਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਵੱਲੋਂ ਹਲਕਾ ਖਡੂਰ ਸਾਹਿਬ ਦੇ ਪਿੰਡ ਖਡੂਰ ਸਾਹਿਬ ਵਿੱਚ ਪੰਜਾਬੀ ਲਿਪੀ ਭਾਸ਼ਾ ਨੂੰ ਸੰਪੂਰਨ ਲਿਪੀ ਨਿਯਮ ਬੰਦ ਕੀਤਾ ਗਿਆ ਸੀ ਪਰ ਹੁਣ ਤੱਕ ਨਾ ਤਾਂ ਹਲਕਾ ਖਡੂਰ ਸਾਹਿਬ ਵਿੱਚ ਅਤੇ ਨਾ ਹੀ ਹਲਕਾ ਖਡੂਰ ਸਾਹਿਬ ਨੂੰ ਪੈਂਦੇ ਜਿਲ੍ਹੇ ਤਰਨ ਤਰਨ ਵਿੱਚ ਭਾਸ਼ਾ ਵਿਭਾਗ ਦਾ ਕੋਈ ਦਫਤਰ ਬਣਾਇਆ ਗਿਆ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਇਸ ਜਗ੍ਹਾ ਤੇ ਭਾਸ਼ਾ ਵਿਭਾਗ ਦਾ ਦਫਤਰ ਬਣਾਉਣ ਸਬੰਧੀ ਹੁਣ ਤੱਕ ਸਰਕਾਰ ਵੱਲੋਂ ਕੀ ਕਾਰਵਾਈ ਕੀਤੀ ਗਈ ਹੈ ਅਤੇ ਕਦੋਂ ਤੱਕ ਹਲਕਾ ਖਡੂਰ ਸਾਹਿਬ ਜਾਂ ਸੰਬੰਧਿਤ ਜ਼ਿਲ੍ਹੇ ਵਿੱਚ ਇਹ ਦਫਤਰ ਬਣਾ ਦਿੱਤਾ ਜਾਵੇਗਾ ?

**ਹਲਕਾ ਜੀਰਾ ਵਿੱਚ ਆਮ ਆਦਮੀ ਕਲੀਨਿਕਾਂ ਦੇ ਵੇਰਵੇ**

***1595(ਸੀ.ਯੂ.) ਸ਼੍ਰੀ ਨਰੇਸ਼ ਕਟਾਰੀਆ:-**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਹਲਕਾ ਜੀਰਾ ਦੀਆਂ ਕੁੱਲ 232 ਪੰਚਾਇਤਾਂ (249 ਪਿੰਡ ਬਸਤੀਆਂ) ਦੇ ਨਾਲ 3 ਸ਼ਹਿਰਾਂ ਦੇ ਕੁੱਲ 43 ਵਾਰਡਾਂ ਲਈ ਕੁੱਲ ਕਿੰਨੇ ਆਮ ਆਦਮੀ ਕਲੀਨਿਕ ਬਣਾਏ ਗਏ ਹਨ;

ਅ) ਕੀ ਹਲਕਾ ਜੀਰਾ ਵਿੱਚ ਹੋਰ ਆਮ ਆਦਮੀ ਕਲੀਨਿਕ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

**ਸਬਸੀਡਾਈਜ਼ਡ ਇੰਡਸਟ੍ਰੀਅਲ ਹਾਊਸਿੰਗ ਸਕੀਮ ਤਹਿਤ ਬਣੇ ਮਕਾਨਾਂ ਨੂੰ ਕਾਬਜ਼ਕਾਰਾਂ ਨੂੰ ਦੇਣਾ**

***1598(ਸੀ.ਯੂ.) ਸ. ਕੁਲਵੰਤ ਸਿੰਘ:-**

ਕੀ ਕਿਰਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੰਜਾਬ ਸਰਕਾਰ ਵੱਲੋਂ ਨੋਟੀਫ਼ਿਕੇਸ਼ਨ ਨੰਬਰ 11/17/1980-5L/1212 ਮਿਤੀ 06.09.2021 ਰਾਹੀਂ ਸਬਸੀਡਾਈਜ਼ਡ ਇੰਡਸਟ੍ਰੀਅਲ ਹਾਊਸਿੰਗ ਸਕੀਮ ਤਹਿਤ ਬਣੇ ਮਕਾਨਾਂ ਨੂੰ ਉਨ੍ਹਾਂ ਵਿੱਚ ਕਾਬਜ਼ ਕਿਰਾਏਦਾਰਾਂ ਜਾਂ ਕਾਬਜ਼ਕਾਰਾਂ ਨੂੰ ਸਬੰਧਤ ਮਕਾਨਾਂ ਦੀ ਮਲਕੀਅਤ ਬਣਦੀ ਕੀਮਤ ਵਸੂਲ ਕਰਕੇ ਦੇਣ ਸਬੰਧੀ ਲਏ ਪੈਸੇ ਤਹਿਤ ਹੁਣ ਤੱਕ ਕਿੰਨੇ ਮਕਾਨਾਂ ਦੀ ਮਲਕੀਅਤ ਕਾਬਜ਼ ਕਿਰਾਏਦਾਰਾਂ ਜਾਂ ਕਾਬਜ਼ਕਾਰਾਂ ਨੂੰ ਦਿੱਤੀ ਜਾ ਚੁੱਕੀ ਹੈ;

ਅ) ਜੇਕਰ ਹੁਣ ਤੱਕ ਕਿਸੇ ਵੀ ਮਕਾਨ ਦੀ ਮਲਕੀਅਤ ਕਾਬਜ਼ ਕਿਰਾਏਦਾਰਾਂ/ਕਾਬਜ਼ਕਾਰਾਂ ਨੂੰ ਨਹੀਂ ਦਿੱਤੀ ਗਈ ਹੈ ਤਾਂ ਇਸਦੇ ਕੀ ਕਾਰਨ ਹਨ ਅਤੇ ਕਦੋਂ ਤੱਕ ਸਬੰਧਤ ਮਕਾਨਾਂ ਦੀ ਮਲਕੀਅਤ ਕਾਬਜ਼ ਕਿਰਾਏਦਾਰਾਂ/ਕਾਬਜ਼ਕਾਰਾਂ ਨੂੰ ਦੇ ਦਿੱਤੀ ਜਾਵੇਗੀ?

**ਅਧਿਆਪਕਾਂ ਦੀ ਤਰਜ ਤੇ ਟੈਕਨੀਕਲ ਅਧਿਕਾਰੀਆਂ ਨੂੰ ਟ੍ਰੇਨਿੰਗ ਲਈ ਦੂਜੇ ਦੇਸ਼ਾਂ ਵਿੱਚ ਭੇਜਣਾ**

***1599(ਸੀ.ਯੂ.) ਸ. ਜਗਰੂਪ ਸਿੰਘ ਗਿੱਲ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜਿਸ ਤਰ੍ਹਾਂ ਪੰਜਾਬ ਦੇ ਅਧਿਆਪਕਾਂ ਨੂੰ Knowledge Share Agreement ਤਹਿਤ ਦੂਜੇ ਦੇਸ਼ਾਂ ਵਿੱਚ ਟ੍ਰੇਨਿੰਗ ਲਈ ਭੇਜਿਆ ਜਾਂਦਾ ਹੈ, ਕੀ ਉਸੇ ਤਰ੍ਹਾਂ ਪੰਜਾਬ ਵਿੱਚ ਵੱਧ ਰਹੇ ਸ਼ਹਿਰੀ ਕਰਨ ਅਤੇ colonization ਦੇ ਵਾਧੇ ਨੂੰ ਦੇਖਦੇ ਹੋਏ ਮਹਿਕਮੇ ਦੇ ਟੈਕਨੀਕਲ ਅਧਿਕਾਰੀਆਂ ਨੂੰ ਵੀ ਦੂਜੇ ਦੇਸ਼ਾਂ ਵਿੱਚ ਹੋਰ ਗਿਆਨ ਵਿੱਚ ਵਾਧਾ ਕਰਨ ਲਈ ਭੇਜੇ ਜਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਰੋਪੜ ਸ਼ਹਿਰ ਵਿੱਚ ਪਾਣੀ ਦੀ ਨਿਕਾਸੀ ਦਾ ਹੱਲ ਕਰਨਾ**

***1601(ਸੀ.ਯੂ.) ਸ਼੍ਰੀ ਦਿਨੇਸ਼ ਕੁਮਾਰ ਚੱਢਾ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰੋਪੜ ਸ਼ਹਿਰ ਦੇ ਕਈ ਮੁਹੱਲੇ, ਕਲੋਨੀਆਂ ਵਿੱਚ ਪਾਣੀ ਦੀ ਨਿਕਾਸੀ ਦੀ ਸਮੱਸਿਆ ਹੈ ਅਤੇ ਬਰਸਾਤ ਤੋਂ ਬਾਅਦ ਲੰਬਾ ਸਮਾਂ ਪਾਣੀ ਨਹੀਂ ਨਿਕਲਦਾ; ਜੇਕਰ ਅਜਿਹਾ ਹੋਵੇ ਤਾਂ ਉਥੋਂ ਦੇ ਨਿਵਾਸੀਆਂ ਨੂੰ ਇਸ ਮੁਸ਼ਕਿਲ ਤੋਂ ਨਿਜਾਤ ਦਿਵਾਉਣ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ?

**ਫਿਰੋਜ਼ਪੁਰ ਦੇ ਗੁਰਦੁਆਰਾ ਸ਼੍ਰੀ ਜਾਮਨੀ ਸਾਹਿਬ ਵਾਲੀ ਸੜਕ ਦੀ ਮੁਰੰਮਤ ਕਰਨਾ**

***1608(ਸੀ.ਯੂ.) ਸ਼੍ਰੀ ਰਜਨੀਸ਼ ਕੁਮਾਰ ਦਹੀਯਾ:-**

ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਫਿਰੋਜ਼ਪੁਰ ਦਿਹਾਤੀ ਹਲਕਾ ਦੇ ਪਿੰਡ ਬਜੀਦਪੁਰ ਸਥਿਤ ਇਤਿਹਾਸਿਕ ਗੁਰਦੁਆਰਾ ਸ਼੍ਰੀ ਜਾਮਨੀ ਸਾਹਿਬ ਵਾਲੀ ਸੜਕ ਜੋ ਮੇਨ ਨੈਸ਼ਨਲ ਹਾਈਵੇ ਫਿਰੋਜਪੁਰ ਮੋਗਾ ਰੋਡ ਨਾਲ ਜੁੜਦੀ ਹੈ ਦੀ ਹਾਲਤ ਬਹੁਤ ਖਰਾਬ ਹੈ; ਜੇਕਰ ਅਜਿਹਾ ਹੈ ਤਾਂ ਇਸ ਸੜਕ ਦਾ ਨਿਰਮਾਣ ਕਦੋਂ ਤੱਕ ਹੋ ਜਾਵੇਗਾ;

ਅ) ਹਲਕਾ ਫਿਰੋਜ਼ਪੁਰ ਦਿਹਾਤੀ ਵਿੱਚ ਕੁੱਲ ਕਿੰਨੇ ਕਿਲੋਮੀਟਰ ਸੜਕਾਂ ਨੂੰ ਚੌੜਾ ਕਰਨ ਤੇ ਕੰਮ ਚਲ ਰਿਹਾ ਹੈ ਅਤੇ ਕਿੰਨੇ ਕਿਲੋਮੀਟਰ ਨਵੀਆਂ ਸੜਕਾਂ ਬਣਾਈਆਂ ਜਾ ਰਹੀਆਂ ਹਨ; ਵੇਰਵੇ ਸਹਿਤ ਦੱਸਿਆ ਜਾਵੇ ?

**ਪਟਿਆਲਾ ਵਿੱਚ ਮਾਸਟਰ ਪਲਾਨ ਲਾਗੂ ਕਰਨ ਲਈ ਬਿਲਡਿੰਗਜ਼ bye- laws ਨੂੰ ਦਰੁੱਸਤ ਕਰਨਾ**

***1611(ਸੀ.ਯੂ.) ਸ. ਅਜੀਤਪਾਲ ਸਿੰਘ ਕੋਹਲੀ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੁਰਾਣੇ ਸ਼ਹਿਰ ਪਟਿਆਲਾ ਦੇ core area ਵਿੱਚ ਮਾਸਟਰ ਪਲਾਨ ਨੂੰ ਲਾਗੂ ਕਰਨ ਲਈ ਦਿੱਕਤ ਦਰਪੇਸ਼ ਆ ਰਹੀ ਹੈ; ਜੇਕਰ ਅਜਿਹਾ ਹੈ ਤਾਂ ਕੀ ਬਿਲਡਿੰਗਜ਼ bye- laws ਨੂੰ ਦਰੁੱਸਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਮਾਨਸਾ ਵਿੱਚ ਸੜਕਾਂ ਨੂੰ 4 ਜਾਂ 6 ਲਾਈਨ ਕਰਨਾ**

***1613(ਸੀ.ਯੂ.) ਡਾ. ਵਿਜੈ ਸਿੰਗਲਾ:-**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਮਾਨਸਾ ਅਤੇ ਇਸ ਦੇ ਨਾਲ ਲਗਦੇ ਖੇਤਰ ਵਿੱਚ ਹੈਵੀ ਇੰਡਸਟਰੀ ਹੋਣ ਕਰਕੇ ਭਾਰੀ ਟਰੈਫਿਕ ਰਹਿੰਦਾ ਹੈ, ਪਰ ਕੋਈ ਵੀ ਸੜਕ 4 ਲਾਈਨ ਜਾਂ 6 ਲਾਈਨ ਨਹੀਂ ਹੈ; ਜੇਕਰ ਅਜਿਹਾ ਹੈ ਤਾਂ ਕੀ ਇਨ੍ਹਾਂ ਸੜਕਾਂ ਨੂੰ 4 ਜਾਂ 6 ਲਾਈਨ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋ ਤੱਕ ?

**ਮਾਨਸਾ ਤੋਂ ਦਿੱਲੀ ਏਅਰਪੋਰਟ ਤੱਕ ਸਰਕਾਰੀ ਬੱਸ ਸਰਵਿਸ ਸ਼ੁਰੂ ਕਰਨਾ**

***1614(ਸੀ.ਯੂ.) ਡਾ. ਵਿਜੈ ਸਿੰਗਲਾ:-**

ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਮਾਨਸਾ ਤੋਂ ਦਿੱਲੀ ਏਅਰਪੋਰਟ ਤੱਕ ਸਰਕਾਰੀ ਬੱਸ ਸਰਵਿਸ ਸ਼ੁਰੂ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਨਰੇਗਾ ਮੁਲਾਜ਼ਮਾਂ ਨੂੰ ਰੈਗੂਲਰ ਕਰਨਾ**

***1616(ਸੀ.ਯੂ.) ਡਾ. ਵਿਜੈ ਸਿੰਗਲਾ, ਸ. ਹਰਮੀਤ ਸਿੰਘ ਪਠਾਣਮਾਜਰਾ:-**

ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਦੇ ਨਰੇਗਾ ਮੁਲਾਜਮਾਂ ਨੂੰ ਅਤੇ ਪਰਸੋਨਲ ਵਿਭਾਗ ਦੇ ਮੀਮੋ ਨੰ: 18/01/2023-3 ਆਰ.ਡੀ.ਈ-4/4343 ਦੇ ਸਬੰਧ ਵਿੱਚ ਮਿਤੀ 16.8.2024 ਨੂੰ ਪਾਲਿਸੀ ਅਧੀਨ ਕਵਰ ਹੋਣ ਵਾਲੇ ਨਰੇਗਾ ਮੁਲਜ਼ਮਾਂ ਨੂੰ ਰੈਗੂਲਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਨੌਜਵਾਨੀ ਨੂੰ ਨਸ਼ਿਆਂ ਤੋਂ ਦੂਰ ਕਰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਪੰਚਾਇਤਾਂ ਨੂੰ ਵਿੱਤੀ ਸਹਾਇਤਾ ਦੇਣਾ**

***1617(ਸੀ.ਯੂ.) ਡਾ. ਵਿਜੈ ਸਿੰਗਲਾ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨੌਜਵਾਨੀ ਨੂੰ ਨਸ਼ਿਆਂ ਤੋਂ ਦੂਰ ਕਰਨ ਅਤੇ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਪੰਚਾਇਤਾਂ ਨੂੰ ਆਪਣੇ ਪੱਧਰ ਤੇ ਆਪਣੇ-ਆਪਣੇ ਪਿੰਡਾਂ ਵਿੱਚ ਖੇਡਾਂ ਕਰਵਾਉਣ ਲਈ ਖੇਡ ਵਿਭਾਗ ਵੱਲੋਂ ਕੋਈ ਸਲਾਨਾ ਵਿੱਤੀ ਸਹਾਇਤਾ ਦੇਣ ਦੀ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋ ਤੱਕ ?

**EWS ਸਕੀਮ ਤਹਿਤ ਪਿੰਡਾਂ ਦੇ ਲੋੜਵੰਦ ਪਰਿਵਾਰਾਂ ਲਈ ਰਾਖਵੀਂ ਜਮੀਨ ਦੇ ਵੇਰਵੇ**

***1618(ਸੀ.ਯੂ.) ਸ੍ਰੀਮਤੀ ਇੰਦਰਜੀਤ ਕੌਰ ਮਾਨ:-**

ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕੀ EWS ਸਕੀਮ ਤਹਿਤ ਕੋਲੋਨਾਈਜ਼ਰ ਜੋ ਜਮੀਨ ਗਰੀਬ ਪਰਿਵਾਰਾਂ ਲਈ ਰਾਖਵੀਂ ਰੱਖਦੇ ਹਨ, ਕੀ ਸ਼ਹਿਰਾਂ ਤੋਂ ਇਲਾਵਾ ਪਿੰਡਾਂ ਵਿੱਚ ਵੀ ਇਸ ਸਕੀਮ ਦੇ ਤਹਿਤ ਲੋੜਵੰਦ ਪਰਿਵਾਰਾਂ ਲਈ ਜਮੀਨ ਰਾਖਵੀਂ ਰੱਖੀ ਜਾਂਦੀ ਹੈ; ਜੇਕਰ ਹਾਂ ਤਾਂ ਵੇਰਵੇ ਸਹਿਤ ਦੱਸਿਆ ਜਾਵੇ ?

**ਕਪੂਰਥਲਾ ਤੋਂ ਫਿਲੌਰ ਸੜਕ ਨੂੰ ਚੌੜਾ ਕਰਨਾ**

***1619(ਸੀ.ਯੂ.) ਸ੍ਰੀਮਤੀ ਇੰਦਰਜੀਤ ਕੌਰ ਮਾਨ:-**

ਕੀ ਲੋਕ ਨਿਰਮਾਣ (ਭ ਤ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੜਕ ਕਪੂਰਥਲਾ ਤੋਂ ਲੈ ਕੇ ਹਲਕਾ ਨਕੋਦਰ ਵਿੱਚ ਦੀ ਫਿਲੌਰ ਨੂੰ ਜਾਂਦੀ ਸੜਕ ਤੇ ਆਵਾਜਾਈ ਬਹੁਤ ਜ਼ਿਆਦਾ ਹੋਣ ਕਰਕੇ ਕਾਫੀ ਹਾਦਸੇ ਹੁੰਦੇ ਹਨ ਅਤੇ ਟ੍ਰੈਫਿਕ ਜਾਮ ਲੱਗਾ ਰਹਿੰਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਇਤਿਹਾਸਿਕ ਸੜਕ ਨੂੰ ਚੌੜਾ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਰਕਾਰੀ ਸਕੂਲਾਂ ਦੀਆਂ ਸਮੱਸਿਆਵਾਂ ਦੇ ਵੇਰਵੇ**

***1623(ਸੀ.ਯੂ.) ਡਾ. ਸੁਖਵਿੰਦਰ ਕੁਮਾਰ ਸੁੱਖੀ:-**

ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਕਿਹੜੇ-ਕਿਹੜੇ ਸਰਕਾਰੀ ਸਕੂਲ ਟੀਚਰ ਲੈੱਸ, ਸਿੰਗਲ ਟੀਚਰ, ਵਿਦਿਆਰਥੀ ਲੈੱਸ, ਮੁੱਖ ਅਧਿਆਪਕ ਜਾਂ ਪ੍ਰਿੰਸੀਪਲ ਲੈੱਸ ਹਨ; ਅਤੇ

ਅ) ਉਪਰੋਕਤ ਵਰਣਿਤ ਕਿਹੜੇ ਸਕੂਲਾਂ ਵਿੱਚ ਪਰੋਪਰ ਵਾਸ਼ਰੂਮ ਨਹੀਂ ਹਨ, ਚਾਰ ਦਿਵਾਰੀ ਕੰਧ ਨਹੀਂ ਬਣੀ ਹੋਈ ਅਤੇ ਸ਼ੁੱਧ ਤੇ ਸਾਫ਼ ਪੀਣ ਵਾਲੇ ਪਾਣੀ ਦੀ ਸਹੂਲਤ ਨਹੀਂ ਹੈ; ਸਰਕਾਰ ਵੱਲੋਂ ਇਨ੍ਹਾਂ ਗੰਭੀਰ ਸਮੱਸਿਆਵਾਂ ਦਾ ਹੱਲ ਕਰਨ ਲਈ ਸਾਲ 2022 ਤੋਂ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ; ਵਿਸਥਾਰ ਸਹਿਤ ਦੱਸਿਆ ਜਾਵੇ ?

**ਬੰਗਾਂ ਦੀ ਸਹਿਕਾਰੀ ਖੇਤੀਬਾੜੀ ਸਭਾਵਾਂ ਦੇ ਵੇਰਵੇ**

***1624(ਸੀ.ਯੂ.) ਡਾ. ਸੁਖਵਿੰਦਰ ਕੁਮਾਰ ਸੁੱਖੀ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਖਾਸ ਕਰਕੇ ਹਲਕਾ ਬੰਗਾਂ ਅੰਦਰ ਸਹਿਕਾਰੀ ਖੇਤੀਬਾੜੀ ਸਭਾਵਾਂ ਦੀ ਗਿਣਤੀ ਕਿੰਨੀ ਹੈ; ਇਨ੍ਹਾਂ ਵਿੱਚੋਂ ਕਿੰਨੀਆਂ ਤੇ ਕਿਹੜੀਆਂ ਸਹਿਕਾਰੀ ਖੇਤੀਬਾੜੀ ਸਭਾਵਾਂ ਬੰਦ ਪਈਆਂ ਹਨ ਅਤੇ ਇਨ੍ਹਾਂ ਸਭਾਵਾਂ ਦੇ ਬੰਦ ਹੋਣ ਦੇ ਕੀ ਕਾਰਨ ਹਨ; ਵੇਰਵੇ ਸਹਿਤ ਦੱਸਿਆ ਜਾਵੇ ?

**ਮਜ਼ਦੂਰਾਂ ਨੂੰ ਦਿੱਤੀ ਜਾਂਦੀ ਐਕਸ-ਗ੍ਰੇਸ਼ੀਆਂ ਰਕਮ ਵਿੱਚ ਵਾਧਾ ਕਰਨਾ**

***1625(ਸੀ.ਯੂ.) ਡਾ. ਸੁਖਵਿੰਦਰ ਕੁਮਾਰ ਸੁੱਖੀ, ਡਾ. ਨਛੱਤਰ ਪਾਲ:-**

ਕੀ ਕਿਰਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਕੀ ਰਾਜ ਵਿੱਚ ਸਾਲ 2022 ਤੋਂ ਹੁਣ ਤੱਕ ਕਿਸੇ ਦੁਰਘਟਨਾ ਕਾਰਨ ਕਿੰਨੇ ਮਜ਼ਦੂਰਾਂ ਦੀ ਮੌਤ ਹੋਈ ਹੈ ਜਾਂ ਜ਼ਖ਼ਮੀ ਹੋਏ ਹਨ ਤੇ ਅਜਿਹੇ ਪ੍ਰਭਾਵਿਤ ਮਜ਼ਦੂਰਾਂ ਦੇ ਪਰਿਵਾਰਾਂ ਨੂੰ 'ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫ਼ੇਅਰ ਬੋਰਡ' (ਕਿਰਤ ਵਿਭਾਗ) ਵੱਲੋਂ ਕਿੰਨੀ ਐਕਸ-ਗ੍ਰੇਸ਼ੀਆਂ ਰਕਮ ਦਿੱਤੀ ਗਈ ਹੈ;

ਅ) ਕੀ ਇਸ ਐਕਸ-ਗ੍ਰੇਸ਼ੀਆਂ ਰਕਮ ਵਿੱਚ ਵਾਧਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹਾਂ ਤਾਂ ਕਦੋਂ ਤੱਕ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ; ਵੇਰਵੇ ਸਹਿਤ ਦੱਸਿਆ ਜਾਵੇ ?

**DGPS ਮਸ਼ੀਨਾਂ ਰਾਹੀਂ ਜ਼ਮੀਨਾਂ ਦੀ ਮਿਣਤੀ ਦੁਬਾਰਾ ਕਰਵਾਉਣਾ**

***1628(ਸੀ.ਯੂ.) ਸ. ਮਨਜਿੰਦਰ ਸਿੰਘ ਲਾਲਪੁਰਾ:-**

ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਪੰਜਾਬ ਵਿੱਚ 01-04-2022 ਤੋਂ ਹੁਣ ਤੱਕ ਕੁਲ ਨਿਸ਼ਾਨਦੇਹੀ ਕਰਵਾਉਣ ਵਾਲੇ ਕੇਸ ਕਿੰਨੇ ਆਏ ਹਨ;

ਅ) ਕੀ ਇਹ ਠੀਕ ਹੈ ਕਿ ਪੰਜਾਬ ਵਿੱਚ ਕਾਫੀ ਸਮਾਂ ਪਹਿਲਾਂ ਮੁਰੱਬਾਬੰਦੀ ਹੋਈ ਸੀ, ਉਸ ਸਮੇਂ ਪੰਜਾਬ ਦੇ ਹਰ ਇੱਕ ਪਿੰਡ ਵਿੱਚ ਵਾਹੀ ਯੋਗ ਜਮੀਨ ਨੂੰ 25-25 ਕਿਲਿਆਂ ਵਿੱਚ ਵੰਡ ਕੇ ਇੱਕ ਮੁਰੱਬਾ ਤਿਆਰ ਕੀਤਾ ਗਿਆ ਸੀ ਅਤੇ ਹਰ ਇੱਕ ਮੁਰੱਬੇ ਜਾਂ ਜਮੀਨ ਦੇ ਚਾਰੋਂ ਕੋਨਿਆ ਉੱਤੇ ਬੁਰਜੀਆਂ ਲਗਾਈਆਂ ਗਈਆਂ ਸੀ, ਪਰੰਤੂ ਹੁਣ ਇਹ ਬੁਰਜੀਆਂ ਦੀ ਗਿਣਤੀ ਸਿਰਫ 10% ਰਹਿ ਗਈ ਹੈ;

ੲ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਹਾਂ ਵਿੱਚ ਹੈ ਤਾਂ ਕੀ ਵਿਭਾਗ ਵੱਲੋਂ DGPS ਮਸ਼ੀਨਾਂ ਰਾਹੀਂ ਦੁਬਾਰਾ ਮਿਣਤੀ ਕਰਵਾ ਕੇ ਹਰੇਕ ਮੁਰੱਬੇ ਦੀਆਂ ਬੁਰਜੀਆਂ ਲਗਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਨਹੀਂ ਤਾਂ ਕੀ ਇਸ ਸਬੰਧੀ ਕੋਈ ਤਜਵੀਜ਼ ਤਿਆਰ ਕੀਤੀ ਜਾਵੇਗੀ ?

**ਰਾਜ ਦੀਆਂ ਛੱਤਾਂ ਤੇ ਮੀਂਹ ਵਾਲੇ ਪਾਣੀ ਲਈ ਰੀਚਾਰਜਿੰਗ ਸਟਰੱਕਚਰ ਲਗਾਉਣਾ**

***1630(ਸੀ.ਯੂ.) ਡਾ. ਸੁਖਵਿੰਦਰ ਕੁਮਾਰ ਸੁੱਖੀ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਵਿੱਚ 250 ਵਰਗ ਗਜ਼ ਅਤੇ ਇਸ ਤੋਂ ਵੱਧ ਉਸਾਰੀਆਂ ਦੀਆਂ ਛੱਤਾਂ ਤੇ ਮੀਂਹ ਵਾਲੇ ਪਾਣੀ ਲਈ ਰੀਚਾਰਜਿੰਗ ਸਟਰੱਕਚਰ ਲਗਾਉਣਾ ਕਦੋਂ ਤੋਂ ਲਾਜਮੀ ਕੀਤਾ ਗਿਆ ਸੀ ਅਤੇ ਕੀ ਅਜਿਹੀਆਂ ਇਮਾਰਤਾਂ ਵਿੱਚ ਰੀਚਾਰਜਿੰਗ ਸਟਰੱਕਚਰ ਬਣੇ ਹੋਏ ਹਨ ਤੇ ਉਹ ਸਹੀ ਤਰੀਕੇ ਨਾਲ ਕੰਮ ਕਰ ਰਹੇ ਹਨ; ਜੇਕਰ ਹਾਂ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਜੇਕਰ ਨਹੀਂ ਤਾਂ ਕੀ ਭਵਿੱਖ ਵਿੱਚ ਇਹ ਰੀਚਾਰਜਿੰਗ ਸਟਰੱਕਚਰ ਲਗਾਉਣੇ ਲਾਜਮੀ ਬਣਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਵੇਰਵੇ ਸਹਿਤ ਦੱਸਿਆ ਜਾਵੇ ?

**ਨਕੋਦਰ ਦੇ ਪਿੰਡਾਂ ਦੇ ਲੋਕਾਂ ਲਈ ਚਿੱਟੀ ਵੇਈਂ ਤੇ ਪੁਲ ਬਣਾਉਣਾ**

***1633(ਸੀ.ਯੂ.) ਸ਼੍ਰੀਮਤੀ ਇੰਦਰਜੀਤ ਕੌਰ ਮਾਨ:-**

ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਨਕੋਦਰ ਵਿੱਚ ਚਿੱਟੀ ਵੇਈਂ ਤੇ ਪੁਲ ਨਾ ਹੋਣ ਕਰਕੇ ਪਿੰਡ ਚੱਕ ਵੈਂਡਲ, ਜਹਾਂਗੀਰ ਅਤੇ ਨੂਰਪੁਰ ਚੱਠਾ ਦੇ ਵਸਨੀਕਾਂ ਨੂੰ ਕਈ ਕਿਲੋਮੀਟਰ ਦੂਰੀ ਤੈਅ ਕਰਕੇ ਆਪਣੀ ਜਮੀਨ ਤੱਕ ਜਾਣਾ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਚਿੱਟੀ ਵੇਈਂ ਤੇ ਪੁਲ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**Pregabalin Capsule ਨੂੰ N.D.P.C. ਐਕਟ ਅਧੀਨ ਲਿਆਉਣਾ**

***1635(ਸੀ.ਯੂ.) ਸ. ਨਰਿੰਦਰਪਾਲ ਸਿੰਘ ਸਵਨਾ:-**

ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ Pregabalin Capsule Ip 300 mg ਪੰਜਾਬ ਵਿਚ ਨਸ਼ੇ ਦੇ ਤੌਰ ਤੇ ਵਰਤਿਆ ਜਾ ਰਿਹਾ ਹੈ ਅਤੇ ਇਹ ਕੈਪਸੁਲ N.D.P.C. ਐਕਟ ਦੇ ਅੰਤਰਗਤ ਨਸ਼ੇ ਦੀ ਸ਼੍ਰੇਣੀ ਵਿਚ ਨਹੀਂ ਆਉਂਦਾ; ਜੇਕਰ ਅਜਿਹਾ ਹੈ ਤਾਂ ਕੀ ਇਸ ਨੂੰ N.D.P.C. ਐਕਟ ਅਧੀਨ ਲਿਆਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ ਵੇਰਵੇ ਸਹਿਤ ਦੱਸਿਆ ਜਾਵੇ ?

**ਪੰਜਾਬ ਰਾਜ ਅੰਦਰ ਐਕਸਪ੍ਰੈਸ ਹਾਈਵੇਜ਼ ਦੇ ਪ੍ਰੋਜੈਕਟ ਮੁਕੰਮਲ ਹੋਣ ਉਪਰੰਤ ਟੁੱਟੀਆਂ ਸੜਕਾਂ ਨੂੰ ਦੁਬਾਰਾ ਬਣਾਉਣਾ ਵਾਸਤੇ ਅਗੇਤੀ ਐਗਰੀਮੈਂਟ ਸਬੰਧੀ**

***1637(ਸੀ.ਯੂ.) ਸ਼੍ਰੀਮਤੀ ਇੰਦਰਜੀਤ ਕੌਰ ਮਾਨ:-**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨੈਸ਼ਨਲ ਹਾਈਵੇਜ਼ ਅਥਾਰਟੀ ਆਫ ਇੰਡੀਆ ਦੁਆਰਾ ਜੋ ਪੰਜਾਬ ਰਾਜ ਅੰਦਰ ਐਕਸਪ੍ਰੈਸ ਹਾਈਵੇਜ਼ ਬਣਾਏ ਜਾ ਰਹੇ ਹਨ ਉਨ੍ਹਾਂ ਕਾਰਨ ਬਹੁਤ ਸਾਰੀਆਂ ਸੜਕਾਂ ਟੁੱਟ ਚੁੱਕੀਆਂ ਹਨ; ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਨੇ ਨੈਸ਼ਨਲ ਹਾਈਵੇਜ਼ ਅਥਾਰਟੀ ਆਫ ਇੰਡੀਆ ਨਾਲ ਪ੍ਰੋਜੈਕਟ ਮੁਕੰਮਲ ਹੋਣ ਉਪਰੰਤ ਟੁੱਟੀਆਂ ਸੜਕਾਂ ਨੂੰ ਦੁਬਾਰਾ ਬਣਾਉਣ ਦਾ ਕੋਈ ਅਗੇਤੀ ਐਗਰੀਮੈਂਟ ਕੀਤਾ ਹੈ; ਜੇਕਰ ਹਾਂ ਤਾਂ ਵੇਰਵੇ ਸਹਿਤ ਦੱਸਿਆ ਜਾਵੇ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

**ਦਾਣਾ ਮੰਡੀ ਜੈਤੋ ਦੇ ਸੀਵਰੇਜ ਨੂੰ ਨਗਰ ਕੌਂਸਲ ਜੈਤੋ ਦੇ ਸੀਵਰੇਜ਼ ਨਾਲ ਜੋੜਨਾ**

***1640(ਸੀ.ਯੂ.) ਸ. ਅਮੋਲਕ ਸਿੰਘ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਦਾਣਾ ਮੰਡੀ ਜੈਤੋ ਦੇ ਸੀਵਰੇਜ ਨੂੰ ਨਗਰ ਕੌਂਸਲ ਜੈਤੋ ਦੇ ਸੀਵਰੇਜ਼ ਨਾਲ ਜੋੜਨ ਸੰਬੰਧੀ ਜੋ ਵੀ ਸਰਤਾਂ ਜਾਂ ਕਾਨੂੰਨੀ ਅੜਚਨਾਂ ਹਨ, ਉਹਨਾਂ ਨੂੰ ਦੂਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ; ਵੇਰਵੇ ਸਹਿਤ ਦੱਸਿਆ ਜਾਵੇ ?

**ਗਰੀਬ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਮੁਫ਼ਤ ਪੜ੍ਹਾਉਣਾ**

***1641(ਸੀ.ਯੂ.) ਡਾ. ਸੁਖਵਿੰਦਰ ਕੁਮਾਰ ਸੁੱਖੀ:-**

ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਜਿਹੜੇ ਗਰੀਬ ਬੱਚੇ ਚੰਗੇ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਨਾ ਚਾਹੁੰਦੇ ਹਨ, ਕੀ ਅਜਿਹੇ ਬੱਚਿਆਂ ਨੂੰ ਆਪਣੇ ਪੱਧਰ ਤੇ ਪ੍ਰਾਈਵੇਟ ਸਕੂਲਾਂ ਵਿੱਚ ਮੁਫ਼ਤ ਸਿੱਖਿਆ ਦਿਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈੈ; ਜੇਕਰ ਹਾਂ ਤਾਂ ਕਦੋਂ ਤੱਕ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ ?

**ਰਾਜ ਦੇ ਲੋਕਾਂ ਨੂੰ ਸ਼ੁੱਧ ਤੇ ਸਾਫ਼ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣਾ**

***1642(ਸੀ.ਯੂ.) ਡਾ. ਸੁਖਵਿੰਦਰ ਕੁਮਾਰ ਸੁੱਖੀ:-**

ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਦੇ ਕਿਹੜੇ-ਕਿਹੜੇ ਇਲਾਕਿਆਂ ਵਿੱਚ ਖਾਸ ਕਰਕੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਜਿੱਥੇ ਧਰਤੀ ਹੇਠਲਾ ਪਾਣੀ, ਪੀਣ ਯੋਗ ਨਹੀਂ ਰਿਹਾ, ਉਨ੍ਹਾਂ ਇਲਾਕਿਆਂ ਦੇ ਲੋਕਾਂ ਨੂੰ ਸ਼ੁੱਧ ਤੇ ਸਾਫ਼ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਸਰਕਾਰ ਕੀ ਕਾਰਵਾਈ ਕਰ ਰਹੀ ਹੈ; ਵੇਰਵੇ ਸਹਿਤ ਦੱਸਿਆ ਜਾਵੇ ?

**ਸੈਲਫ ਹੈਲਪ ਗਰੁੱਪਾਂ ਵਲੋਂ ਬਣਾਏ ਪ੍ਰੋਡਕਟਾਂ ਦੀ ਮਾਰਕੀਟਿੰਗ ਦੇ ਵੇਰਵੇ**

***1644(ਸੀ.ਯੂ.) ਸ਼੍ਰੀ ਦਿਨੇਸ਼ ਕੁਮਾਰ ਚੱਢਾ:-**

ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਚ ਮਹਿਲਾਵਾਂ ਦੇ ਸੈਲਫ ਹੈਲਪ ਗਰੁੱਪਾਂ ਵਲੋਂ ਬਣਾਏ ਪ੍ਰੋਡਕਟਾਂ ਦੀ ਮਾਰਕੀਟਿੰਗ ਲਈ ਕੀ ਕਦਮ ਚੁੱਕੇ ਜਾ ਰਹੇ ਹਨ; ਇਨ੍ਹਾ ਸੈਲਫ ਹੈਲਪ ਗਰੁੱਪਾਂ ਵਲੋਂ ਬਣਾਏ ਪ੍ਰੋਡਕਟਾਂ ਨੂੰ ਅਪਡੇਟ ਕਰਕੇ ਸਮੇਂ ਦੇ ਹਾਣਦੇ ਬਣਾਉਣ ਲਈ ਕੀ ਕਦਮ ਚੁੱਕੇ ਜਾ ਰਹੇ ਹਨ?

**ਹਲਕਾ ਫਤਿਹਗੜ੍ਹ ਸਾਹਿਬ ਵਿੱਚੋਂ ਗੁਜਰਦੀ ਭਾਖੜਾ ਮੇਨ ਲਾਈਨ ਦੇ ਕਿਨਾਰਿਆਂ ਦੀ ਮੁਰੰਮਤ ਕਰਨਾ**

***1645(ਸੀ.ਯੂ.) ਸ. ਲਖਬੀਰ ਸਿੰਘ ਰਾਏ:-**

ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਫਤਿਹਗੜ੍ਹ ਸਾਹਿਬ ਵਿੱਚੋਂ ਗੁਜਰਦੀ ਭਾਖੜਾ ਮੇਨ ਲਾਈਨ ਦੇ, ਪਿੰਡ ਫਿਰੋਜ਼ਪੁਰ ਤੋਂ ਲੈ ਕੇ ਪਿੰਡ ਜਾਲਖੇੜੀ ਤੱਕ ਅਤੇ ਨਰਵਾਣਾ ਬਰਾਂਚ ਹੈਡ ਤੋਂ ਲੈ ਕੇ ਪਿੰਡ ਪੇਲਾ ਤੱਕ ਦੇ ਕਿਨਾਰਿਆਂ ਦੀ ਹਾਲਤ ਬਹੁਤ ਹੀ ਨਾਜ਼ੁਕ ਅਤੇ ਖਰਾਬ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਹਨਾਂ ਦੀ ਰਿਪੇਅਰ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ; ਵੇਰਵੇ ਸਹਿਤ ਦੱਸਿਆ ਜਾਵੇ?

**ਰੋਪੜ ਸ਼ਹਿਰ ਦਾ ਕੋਰ (core) ਏਰੀਆ ਘੋਸ਼ਿਤ ਕਰਨਾ**

***1646(ਸੀ.ਯੂ.) ਸ਼੍ਰੀ ਦਿਨੇਸ਼ ਕੁਮਾਰ ਚੱਢਾ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰੋਪੜ ਸ਼ਹਿਰ ਦਾ ਕੋਰ (core) ਏਰੀਆ ਘੋਸ਼ਿਤ ਹੋ ਚੁੱਕਿਆ ਹੈ; ਜੇਕਰ ਨਹੀਂ ਤਾਂ ਕਦੋਂ ਤੱਕ ਕਰ ਦਿੱਤਾ ਜਾਵੇਗਾ?

**ਗਊ ਸੈੱਸ ਦੇ ਵੇਰਵੇ**

***1647(ਸੀ.ਯੂ.) ਪ੍ਰਿੰਸੀਪਲ ਬੁੱਧ ਰਾਮ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਹਲਕਾ ਬੁਢਲਾਡਾ ਵਿੱਚ ਬੁਢਲਾਡਾ ,ਬੋਹਾ ਅਤ ਬਰੇਟਾ ਤਿੰਨ ਨਗਰ ਕੌਂਸਲਾਂ ਹਨ, ਇਹਨਾਂ ਵਿੱਚ ਗਊ ਸੈੱਸ ਇਕੱਠਾ ਹੁੰਦਾ ਰਹਿੰਦਾ ਹੈ ਅਤੇ ਹੋਰ ਮਹਿਕਮਿਆਂ ਦਾ ਵੀ ਗਊ ਸੈੱਸ ਨਗਰ ਕੌਂਸਲਾਂ ਵਿੱਚ ਜਮ੍ਹਾਂ ਹੁੰਦਾ ਰਹਿੰਦਾ ਹੈ; ਜੇਕਰ ਅਜਿਹਾ ਹੋਵੇ ਤਾਂ ਪਿਛਲੇ ਤਿੰਨ ਸਾਲਾਂ ਦਾ ਇਨ੍ਹਾਂ ਕੌਂਸਲ ਵੱਲੋਂ ਕਿੰਨਾ ਗਊ ਸੈੱਸ ਇਕੱਠਾ ਹੋਇਆ ਹੈ;

ਅ) ਹੋਰਨਾ ਮਹਿਕਮਿਆਂ ਜਿਵੇਂ ਬਿਜਲੀ ,ਐਕਸਾਈਜ਼ ਤੋਂ ਨਗਰ ਕੌਂਸਲ ਨੂੰ ਕਿੰਨਾ-ਕਿੰਨਾ ਗਊ ਸੈੱਸ ਜਮਾ ਕਰਵਾਇਆ ਜਾਂਦਾ ਹੈ ਅਤੇ ਇਕੱਠੇ ਹੋਏ ਗਊ ਸੈੱਸ ਵਿੱਚੋਂ ਹਲਕਾ ਬੁਢਲਾਡਾ ਦੀਆਂ ਚਾਰ ਗਊਸ਼ਾਲਾਵਾਂ ਨੂੰ ਗਊ ਸੈੱਸ ਦੇਣ ਬਾਰੇ ਕੋਈ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ ?

**ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਮਕਾਨ ਅਲਾਟ ਕਰਨਾ**

***1648(ਸੀ.ਯੂ.) ਪ੍ਰਿੰਸੀਪਲ ਬੁੱਧ ਰਾਮ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬੁਢਲਾਡਾ ਸ਼ਹਿਰ ਦੇ ਵਾਰਡ ਨੰਬਰ 1 ਵਿੱਚ ਪਲਾਟ ਬਸਤੀ ਵਿੱਚ ਸੈਂਕੜੇ ਮਕਾਨਾਂ ਦੀ ਰਜਿਸਟਰੀ ਨਾ ਹੋਣ ਕਰਕੇ ਪ੍ਰਧਾਨ ਮੰਤਰੀ ਅਵਾਸ ਯੋਜਨਾ ਦਾ ਲਾਭ ਉਥੋਂ ਦੇ ਵਾਸੀ ਨਹੀਂ ਲੈ ਸਕਦੇ, ਕਿਉਂਕਿ ਇਹ ਲੋਕ ਪਿਛਲੇ 25 ਸਾਲਾਂ ਤੋਂ ਰਹਿ ਰਹੇ ਹਨ; ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਦੇ ਵਿਚਾਰ ਅਧੀਨ ਕੋਈ ਅਜਿਹੀ ਸਕੀਮ ਹੈ ਜਿਸ ਨਾਲ ਇਹਨਾਂ ਲੋਕਾਂ ਨੂੰ ਵੀ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਨਵੇਂ ਮਕਾਨ ਅਲਾਟ ਹੋ ਸਕਣ?

**ਸੰਗਰੂਰ ਵਿਖੇ ਨਿਸ਼ਾਨਦੇਹੀ ਵਾਲੇ ਪੱਥਰਾਂ ਦੀ ਰਿਪੇਅਰ ਜਾਂ ਦੁਬਾਰਾ ਲਗਾਉਣਾ**

***1653(ਸੀ.ਯੂ.) ਸ਼੍ਰੀਮਤੀ ਨਰਿੰਦਰ ਕੌਰ ਭਰਾਜ:-**

ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਸੰਗਰੂਰ ਵਿੱਚ ਨਿਸ਼ਾਨਦੇਹੀ ਵਾਲੀ ਥਾਂ ਤੇ ਲਗਾਏ ਗਏ ਪੱਥਰਾਂ ਦੀ ਰਿਪੇਅਰ ਜਾਂ ਦੁਬਾਰਾ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਹਲਕਾ ਸੰਗਰੂਰ ਵਿਖੇ ਨਵੀਂ ਅਨਾਜ ਮੰਡੀ ਬਣਾਉਣਾ**

***1654(ਸੀ.ਯੂ.) ਸ਼੍ਰੀਮਤੀ ਨਰਿੰਦਰ ਕੌਰ ਭਰਾਜ:-**

ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਸੰਗਰੂਰ ਵਿੱਚ ਨਵੀਂ ਅਨਾਜ ਮੰਡੀ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**(ਰਾਮ ਲੋਕ ਖਟਾਣਾ)**

**ਸਕੱਤਰ**

**ਪੰਜਾਬ ਵਿਧਾਨ ਸਭਾ**

**ਚੰਡੀਗੜ੍ਹ -160001**

**ਮਿਤੀ:- ੨੨ ਅਪ੍ਰੈਲ ੨੦੨੫ ਮੰਗਲਵਾਰ**